੧ੴ ਸਤਿਗੁਰ ਪ੍ਰਸਾਦਿ ॥

(ਸ ਸਥਾਪਕ ਭਾਈ ਵੀਰ ਸਿੰਘ)

ਮਾਸਿਕ

# ਨਿਰਗੁਣੀਆਰਾ

ਸਾਲ : 121 ਟ੍ਰੈਕਟ ਨੰ : 1715 ਅਪ੍ਰੈਲ-ਜੂਨ 2015 ਭੇਟਾ : 20/-

## ਤਤਕਰਾ

1. ਸ ਪਾਦਕੀ: ਡਾ. ਸ.ਪ.ਸਿ ਘ 1

2. ਖ਼ਾਲਸੇ ਦੀ ਸਿਰਜਣਾ ਦਾ ਪਿਛ ਕੜ: —ਭਾਈ ਵੀਰ ਸਿੰਘ 2

3. ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ
ਸਿੰਘ ਸਭਾ ਲਹਿਰ ਦੀ ਮੁੜ ਲ ੜ —ਸ. ਤਰਲ ਚਨਸਿੰਘ 8

4. ਸਿੱਖ-ਸਾਹਿਤ ਦਾ ਰ ਲ-ਮਾਡਲ:ਭਾ. ਵੀਰ ਸਿੰਘ:—ਡਾ. ਬਲਕਾਰ ਸਿੰਘ 10

5. ਸਿੱਖ ਸੁਹਜ ਦੇ ਸਿਰਜਕ: ਭਾਈ ਵੀਰ ਸਿੰਘ : —ਡਾ. ਅੰਮ੍ਰਿਤਪਾਲ ਕੌਰ 16

6. ਸਮਾਗਮ ਦੀ ਰਿਪ ਰਟ:—ਸ. ਅਜੀਤ ਸਿੰਘ 19

7. ਸਨਮਾਨ ਪੱਤਰ 22

8. ਚੀ  ਖ਼ਾਲਸਾ ਦੀਵਾਨ ਵਲ ੋਂ ਭਾਈ ਵੀਰ ਸਿੰਘ ਨੂੰ
ਉਜਾਗਰ ਕਰਨ ਦਾ ਉਤਮ ਉਪਰਾਲਾ :—ਡਾ. ਕੁਲਵੰਤ ਸਿੰਘ 23

**ਸਰਪ੍ਰਸਤ**: ਸ੍ਰ. ਚਰਨਜੀਤ ਸਿੰਘ ਚੱਢਾ, ਪ੍ਰਧਾਨ
**ਮੁੱਖ ਸੰਪਾਦਕ** : ਡਾ: ਸ.ਪ. ਸਿੰਘ
**ਸੰਪਾਦਕ**: ਡਾ: ਜਸਬੀਰ ਸਿੰਘ 'ਸਾਬਰ'
**ਸਲਾਹਕਾਰ ਮੰਡਲ**
ਸ੍ਰ. ਨਿਰਮਲ ਸਿੰਘ, ਸ੍ਰ. ਨਰਿੰਦਰ ਸਿੰਘ ਖੁਰਾਣਾ,
ਡਾ. ਜਸਵਿੰਦਰ ਸਿੰਘ ਢਿੱਲ ੋਂ,
ਸ੍ਰ. ਸੰਤ ਖ ਸਿੰਘ ਸੇਠੀ, ਬੀਬੀ ਕਿਰਨਜਤ ਕੌਰ
ਸ੍ਰ. ਕੁਲਜੀਤ ਸਿੰਘ, ਡਾ. ਧਰਮਵੀਰ ਸਿੰਘ, ਸ੍ਰ. ਅਜੀਤ ਸਿੰਘ

**ਪ੍ਰਕਾਸ਼ਕ**
ਖ਼ਾਲਸਾ ਟ੍ਰੈਕਟ ਸੁਸਾਇਟੀ
ਚੀ  ਖ਼ਾਲਸਾ ਦੀਵਾਨ
ਜੀ.ਟੀ. ਰ ਡ, ਅੰਮ੍ਰਿਤਸਰ — 143001
Ph.- 0183-2562253
E-mail- ktsckd@gmail.com
E-mail- edu_committeeckd@yahoo.com

**ਪ੍ਰਿੰਟਰ**
ਪ੍ਰਿੰਟਵੈੱਲ, 146, ਇੰਡਸਟ੍ਰੀਅਲ  ਕਲ ਪੁਆਇੰਟ, ਅੰਮ੍ਰਿਤਸਰ

## ਸੰਪਾਦਕੀ

### ਸਿੱਖ ਕੌਮ ਦਾ ਭਵਿੱਖ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਵੀਹਵੀਂ ਸਦੀ ਦੇ ਸਿੱਖ ਇਤਿਹਾਸ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਦਾ ਮਹੱਤਵਪੂਰਨ ਸਥਾਨ ਹੈ। ਆਧੁਨਿਕ ਸਮੇਂ ਵਿਚ ਸਿੱਖ ਪੁਨਰਜਾਗਰਤੀ ਲਹਿਰ ਵਿਚ ਸਿੱਖ ਧਰਮ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਭਾਈ ਸਾਹਿਬ ਨੇ ਵਿਭਿੰਨ ਖੇਤਰਾਂ ਨੂੰ ਪ੍ਰਫੁਲਤ ਕਰਨ ਲਈ ਠ ਸ ਕਾਰਜ ਕੀਤੇ। ਇਸ ਤਰ੍ਹਾਂ ਵੀਹਵੀਂ ਸਦੀ ਵਿਚ ਸਿੱਖ ਧਰਮ ਦੇ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਿੰਘ ਸਭਾ ਲਹਿਰ, ਚੀ  ਖ਼ਾਲਸਾ ਦੀਵਾਨ, ਸਿੱਖ ਸਾਹਿਤ, ਸਿੱਖ ਸਿਖਿਆ ਸੰਸਥਾਵਾਂ, ਸਿੱਖ ਅਰਥਚਾਰੇ ਦੇ ਵਿਕਾਸ ਲਈ ਮੂਲ ਸਮਗਰੀ ਪ੍ਰਦਾਨ ਕਰਨ ਲਈ ਇਕ ਮਾਹੌਲ ਤਿਆਰ ਕੀਤਾ।

ਪਰ ਇਕੀਵੀਂ ਸਦੀ ਵਿਚ ਸਿੱਖ ਭਾਈਚਾਰੇ ਵਿਚ ਪੈਦਾ ਹ ਈਆਂ ਕੁਰੀਤੀਆਂ, ਸਿੱਖ ਧਰਮ ਦੇ ਪ੍ਰਚਾਰ ਦੀ ਘਾਟ, ਸਿੱਖ ਸੰਸਥਾਵਾਂ ਦਾ ਮੂਲ ਨਿਸ਼ਾਨੇ ਤ ੋਂ ਭਟਕਣਾਂ ਆਦਿ ਨੇ ਸਿੱਖ ਨੌਜਵਾਨੀ ਵਿਚ ਨਸ਼ਿਆਂ ਤੇ ਪਤਿਤਪੁਣੇ ਤ ੋਂ ਇਲਾਵਾ ਵਿਭਿੰਨ ਪ੍ਰਕਾਰ ਦੀਆਂ ਚੁਣੌਤੀਆਂ ਪੈਦਾ ਕਰ ਦਿੱਤੀਆਂ ਹਨ। ਇਸ ਸਥਿਤੀ ਸੰਬੰਧੀ ਭਾਈ ਸਾਹਿਬ ਦੇ 143ਵੇਂ ਜਨਮ ਦਿਵਸ ਸਮੇਂ ਚੀ  ਖ਼ਾਲਸਾ ਦੀਵਾਨ ਵਲ ੋਂ ਆਯ ਜਿਤ ਵਿਸ਼ੇਸ਼ ਸਮਾਗਮ ਦੇ ਪ੍ਰਧਾਨਗੀ ਭਾਸ਼ਣ ਵਿਚ ਸ. ਤਰਲ ਚਨਸਿੰਘ ਨੇ ਸਪੱਸ਼ਟ ਸ਼ਬਦਾਂ ਵਿਚ ਇਕ ਵਾਰੀ ਫਿਰ ਭਾਈ ਸਾਹਿਬ ਭਾਈ ਵੀਰ ਸਿੰਘ ਦੀ ਸਖਸ਼ੀਅਤ ਤੇ ਉਨ੍ਹਾਂ ਦੁਆਰਾ ਦਰਸਾਏ ਗਏ ਰਾਹਾਂ ਨੂੰ ਮੁੜ ਅਪਨਾਉਣ ਦੀ ਲ ੜ ਤੇ ਜ਼ ਰ ਦਿੱਤਾ ਤੇ ਆਖਿਆ ਕਿ ਸਿੱਖ ਕੌਮ ਸਾਹਮਣੇ ਪੰਥ ਦੀ ਚੜ੍ਹਦੀ ਕਲਾ ਲਈ ਇਕ ਵਾਰੀ ਫਿਰ ਇਕ ਹ ਰ ਸਿੰਘ ਸਭਾ ਲਹਿਰ ਲਈ ਮਾਹੌਲ ਤਿਆਰ ਕੀਤਾ ਜਾਵੇ।

ਸ. ਤਰਲਚਨ ਸਿੰਘ ਦੇ ਉਪਰਕਤ ਕਥਨ ਨੂੰ ਰਸਮੀ ਕਾਰਵਾਈ ਨਹੀਂ ਸਮਝਣਾ ਚਾਹੀਦਾ ਸਗੋਂ ਇਸ ਨੂੰ ਅਮਲੀ ਰੂਪ ਦੇਣ ਲਈ ਸਿੱਖ ਕੌਮ ਨੂੰ ਯ ਜਨਾ ਬਧ ਢੰਗ ਨਾਲ ਕਾਰਜਸ਼ੀਲ ਹ ਣ ਦੀ ਲ ੜ ਹੈ। ਇਹ ਸਚ, ਵਾਸਤਵ ਵਿਚ ਸਿੱਖ ਕੌਮ ਦੇ ਭਵਿੱਖ ਲਈ ਸਕਾਰਤਮਕ ਹੀ ਨਹੀਂ ਸਗੋਂ ਸਮੇਂ ਦੀ ਵੱਡੀ ਲ ੜ ਹੈ।

**ਸ.ਪ. ਸਿੰਘ**
**ਮੁੱਖ ਸੰਪਾਦਕ**

### ਭਾਈ ਸਾਹਿਬ ਭਾਈ ਵੀਰ ਸਿੰਘ ਰਚਿਤ

# ਖ਼ਾਲਸੇ ਦੀ ਸਿਰਜਣਾ ਦਾ ਪਿਛੋਕੜ

*-ਭਾਈ ਵੀਰ ਸਿੰਘ*

**(ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਡਾ. ਭਾਈ ਵੀਰ ਸਿੰਘ ਜੀ ਨੇ ਨਾ ਕੇਵਲ ਪੰਜਾਬੀ ਕਾਵਿ, ਪੰਜਾਬੀ ਨਾਵਲ, ਪੰਜਾਬੀ ਪੱਤਰਕਾਰੀ, ਕਲਾਸੀਕਲ ਪੰਜਾਬੀ ਸਾਹਿਤ ਦੀ ਸੰਪਾਦਨਾ ਦੇ ਕਾਰਜ ਖੇਤਰ ਨੂੰ ਹੀ ਅਮੀਰ ਕੀਤਾ ਸਗੋਂ ਸਿੱਖ-ਇਤਿਹਾਸ ਦੇ ਬਹੁਮੁਲੇ ਪਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ-ਭਾਵਨਾ ਦੇ ਅੰਤਰਗਤ ਹੀ ਚਿੱਤਰਨ ਦਾ ਉਪਰਾਲਾ ਕੀਤਾ। ਸਿੱਖ ਧਰਮ ਵਿਚ ਦਸਮੇਸ਼ ਗੁਰੂ ਜੀ ਵਲੋਂ ਖ਼ਾਲਸਾ-ਸਿਰਜਣਾ ਦੀ ਲੋੜ ਕਿਉਂ ਪਈ, ਇਹ ਕਾਰਜ ਸੰਪੰਨ ਕਿਵੇਂ ਕੀਤਾ ਅਤੇ ਇਸ ਕਾਰਜ ਦਾ ਸਿੱਖ ਸੰਗਤਾਂ ਤੇ ਕੀ ਪ੍ਰਭਾਵ ਪਿਆ ਆਦਿ ਬਾਰੇ ਆਪ ਜੀ ਨੇ ਆਪਣੀ ਪ੍ਰਸਿੱਧ ਰਚਨਾਂ ਸ੍ਰੀ ਕਲਗੀਧਰ ਚਮਤਕਾਰ (ਪੂਰਬਾਰਧ) ਵਿਚ ਵਿਸਥਾਰ ਪੂਰਬਕ ਜ਼ਿਕਰ ਕੀਤਾ ਹੈ ਜੋ ਇਸ ਸੰਦਰਭ ਵਿਚ ਨ ਕੇਵਲ ਦਿਲਚਸਪ ਹੀ ਹੈ ਸਗੋਂ ਨਵੀਂ ਜਾਣਕਾਰੀ ਪ੍ਰਸਤੁਤ ਕਰਦੀ ਹੈ। ਪਾਠਕਾਂ ਦੇ ਗਿਆਤ ਹਿੱਤ ਅਸੀਂ ਭਾਈ ਵੀਰ ਸਿੰਘ ਜੀ ਦੀ ਇਸ ਰਚਨਾ ਦੇ ਕੁੱਝ ਅੰਸ਼ ਪੇਸ਼ ਕਰ ਰਹੇ ਹਾਂ-ਸੰਪਾਦਕ।)**

**ਦਿਲਗੀਰ**: ਜਗਤ ਦੁਖੀ ਵੇਖ ਕੇ ਸ਼ਾਹਜ਼ਾਦੇ ਸਿੱਧਾਰਥ ਨੂੰ ਦਿਲਗੀਰੀ ਆਈ, ਰਾਜ ਭਾਗ ਤਿਆਗ ਕੇ ਫਕੀਰੀ ਲਈ, ਤਪ ਕੀਤੇ। ਉਮਰਾ 'ਸ਼ੁਭ ਕਰਨੀ' ਦੇ ਉਪਦੇਸ਼ ਵਿਚ ਲਗਾਈ।

ਜਗਤ ਜਲੰਦਾ ਵੇਖ ਕੇ ਗੁਰ ਨਾਨਕ ਨੂੰ ਦਿਲਗੀਰੀ ਆਈ– – "ਬਾਬਾ ਦੇਖੈ ਧਿਆਨ ਧਰਿ, ਜਲਤੀ ਸਭ ਪ੍ਰਿਥਮੀ ਦਿਸਿ ਆਈ॥"

ਜਗਤ ਦਾ ਦੁਖ, ਜੋ ਭੈੜੀ ਕਰਨੀ ਕਰਕੇ ਸੀ, ਜੋ ਸਿੱਧਾਰਥ ਨੇ ਦੇਖ ਕੇ ਉਦਾਸੀ ਲਈ, ਹੁਣ ਉਸ ਦੁਖ ਦੇ ਨਾਲ ਧਰਮ ਗਰਦੀ ਤੇ ਰਾਜ ਗਰਦੀ ਦਾ ਹੋਰ ਦੁੱਖ ਵਧ ਗਿਆ ਹੋਇਆ ਸੀ। ਪ੍ਰਜਾ ਧਰਮ ਤੋਂ ਗਿਰ ਚੁਕੀ ਸੀ, ਵਿਦਯਾ ਹੀਨ ਸੀ। ਸਤਿਸੰਗ ਕੁਸੰਗ ਬਣ ਗਏ ਸਨ, ਜ਼ਾਲਮ ਪਠਾਣਾਂ ਦਾ ਰਾਜ ਸੀ ਤੇ ਜਰਵਾਣੇ ਮੁਗਲ ਪੈਰ ਜਮਾਈ ਦੇ ਫਿਕਰ ਵਿਚ ਸਨ, ਬਾਬੇ ਹੋਰ ਦਿਲਗੀਰੀ ਖਾਧੀ ਤੇ ਪੁੱਤਰ ਇਸਤ੍ਰੀ ਪਰਵਾਰ ਤਿਆਗ:–

**"ਚੜ੍ਹਿਆ ਸੋਧਣ ਧਰਤ ਲੁਕਾਈ"**

'ਬਾਬੇ ਡਿੱਠੀ ਪ੍ਰਿਥਵੀ ਨਵੈ ਖੰਡ ਜਿਥੈ ਤਕ ਆਹੀ।' ਸਾਰੇ ਫਿਰਕੇ ਸ਼ਬਦ ਸ਼ਾਂਤ ਵਰਤਾਈ ਅਰ ਮਾਰਗ ਗ੍ਰਿਹਸਤ ਉਦਾਸ ਦਾ ਟੋਰਿਆ।

ਆਹ! ਅੱਜ ਫੇਰ ਮਹਾਂ ਜਯੋਤੀ ਨੂੰ ਜਗਤ ਮਜ਼ਲੂਮ ਤੇ ਦਿਲਗੀਰੀ ਆਈ। ਉਸੇ ਗੁਰੂ ਨਾਨਕ ਦੀ ਦਸਮੀਂ ਜੋਤਿ ਨੇ ਡਿੱਠਾ ਕਿ ਅਗਿਆਨੀ ਤੇ ਰਾਜ ਕਸ਼ਟ ਤੋਂ ਵੱਧ ਹੁਣ ਪਰਜਾ ਪਰ 'ਧਰਮ ਦਾ ਧੱਕਾ' ਇਕ ਹੋਰ ਕਲੇਸ਼ ਵਧਕੇ ਪੈ ਰਿਹਾ ਹੈ, ਰਾਜ ਗਰਦੀ ਨਹੀਂ ਪਰ ਰਾਜ ਵਲੋਂ ਤ੍ਰੀਕੇ ਵਾਰ ਪਰਜਾ ਪਰ ਜ਼ੋਰ ਤੇ ਜ਼ੋਰ ਨਾਲ ਧਰਮ ਪ੍ਰਾਜੈ ਕਰਨ ਦਾ ਧੱਕਾ ਹੋ ਰਿਹਾ ਹੈ। ਇਸ ਜੋਤਿ ਨੇ ਦਿਲਗੀਰੀ ਖਾਧੀ ਕਿ ਪਰਜਾ ਦਾ ਕਲਿਆਨ ਕਿਵੇਂ ਹੋਵੇ। ਨਾਲੇ ਤਾਂ ਧਰਮੀ ਰਹਿਣ, ਨਾਲੇ ਸੁਤੰਤ੍ਰ ਹੋਣ; ਕੈਦ, ਬੰਦਸ਼, ਜ਼ੁਲਮ ਹੇਠ ਨਾ ਹੋਣ! ਦਿਲਗੀਰੀ ਖਾਧੀ ਅੱਜ ਦਸਮੀ ਜੋਤਿ ਨੇ ਆਨੰਦ ਨਾਲ ਭਰੇ ਆਨੰਦਪੁਰ ਵਿਚੋਂ, ਕਿਲੇ, ਇਸਤ੍ਰੀ, ਪੁਤ੍ਰ, ਪਦਾਰਥ, ਐਸ਼੍ਵਰਜ, ਸੇਵਕ, ਪਿਆਰੇ ਤੇ ਮਿੱਤ੍ਰ ਛਡ ਕੇ ਬਨ ਵਿਚ, ਪਹਾੜ ਦੀ ਕੁੱਖ ਵਿਚ ਜਾ ਬੈਠਾ ਅਤੇ ਬੈਠਾ ਰਿਹਾ ਦਿਨ ਤੇ ਰਾਤ। ਹਾਥੀ, ਘੋੜੇ, ਪੀਨਸਾਂ ਵਿਹਲੇ ਖੜੇ ਹਨ, ਮਹਿਲ ਮਾੜੀਆਂ ਕਿਲ੍ਹੇ ਆਪ ਬਿਨਾਂ ਬੇਰੌਣਕ ਹਨ, ਦਰਸ਼ਨ ਪਿਆਸੇ ਆਉਂਦੇ ਤੇ ਮੁੜ-ਮੁੜ ਜਾਂਦੇ ਹਨ। ਦਿੱਸਣ ਵਾਲੇ ਜਗਤ ਦਾ ਕੋਈ ਪਦਾਰਥ, ਕੋਈ ਹਰਖ, ਸੁਖ ਦਾ ਸਾਮਾਨ, ਕੋਈ ਮੋਹ ਪਿਆਰ ਦਾ ਮੁਹਾਰਾ ਖਿੱਚ ਨਹੀਂ ਰਿਹਾ, ਸਾਰਾ ਸਾਜ਼ ਬਾਜ਼ ਪਿਆ ਹੈ, ਪਰ ਆਪ ਏਕਾਂਤ ਬੈਠੇ ਦਿਨ ਰਾਤ ਇਸ ਦਿਲਗੀਰੀ ਵਿਚ ਹਨ ਕਿ 'ਧਰਾ ਦਾ ਭਾਰ ਕਿਵੇਂ ਹਰਾਂ ?"

ਸਾਰੇ ਮੰਡਲ ਵਿਚ ਧੁੰਮ ਗਈ ਕਿ ਆਪ ਮਸਤ ਤੇ ਕਮਲੇ ਹੋ ਗਏ ਹਨ, ਪਰ ਆਹ! ਦਾਨਿਆਂ ਦਾ ਸਿਰਤਾਜ ਜਗਤ ਜਲੰਦੇ ਦੀ ਕਸਟਣੀ ਹਰਨ ਵਾਲਾ ਦਿਲਗੀਰ ਹੈ।

ਅਵਤਾਰ ਹੈ, ਬ੍ਰਹਮ ਵੇਤਾ ਹੈ, ਉਸਨੂੰ ਦਿਲਗੀਰੀ ਕਾਸਦੀ? ਕਾਹਦੀ ਦਿਲਗੀਰੀ ਜੀਉ ਜੀ! ਜਿਹੜਾ ਸ੍ਰਿਸ਼ਟੀ ਦੀ ਦਿਲਗੀਰੀ ਦਾ ਦਾਰੂ ਟੋਲ ਰਿਹਾ ਹੈ, ਓਹ ਦਿਲਗੀਰ ਜਗਤ ਕੇ ਦਿਲਗੀਰ ਧਿਆਨ ਵਿਚ ਵੱਸ ਰਿਹਾ ਹੈ, ਇਉਂ ਦਿਲਗੀਰੀ ਹੈ। ਯਾਰ੍ਹਵੇਂ ਮਹੀਨੇ ਬੈਠੇ ਬੈਠੇ ਅੱਖ ਲੱਗ ਗਈ, ਫੇਰ ਆਵਾਜ਼ ਆਈ।

**ਮੈਂ ਅਪੁਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥**
**ਜਾਹਿ ਤਹਾਂ ਤੈ ਧਰਮ ਚਲਾਇ॥ ਕੁਬੁਧ ਕਰਨ ਤੇ ਲੋਕ ਹਟਾਇ॥੨੯॥**

ਸੋਚਦੇ ਹਨ:-"ਠੀਕ ਇਹ ਵਰ ਸਚਖੰਡੋਂ ਹੀ ਟੁਰਨ ਲੱਗੇ ਮਿਲਿਆ ਸੀ, ਹੁਕਮ ਹੋਇਆ ਸੀ ਪਰ ਕੀਕੂੰ ਕਰਾਂ? ਪਰ ਨਵੇਂ ਉਪੱਦ੍ਰਵ ਜ਼ਬਰਦਸਤ ਹਨ, ਹੇ ਪਿਤਾ! ਹੇ ਪਿਆਰੇ ਪਿਤਾ!! ਸਹਾਇਕ ਹੋਵੇ ਜੋ ਜਗਤ ਜਲੰਦੇ ਵਿਚ ਠੰਢੀ ਰੌ ਵਗੇ॥"

ਦਿਲਗੀਰ ਸਤਿਗੁਰੂ ਕਲਗੀਆਂ ਵਾਲੇ ਤੇ ਹੋਰ ਭਾਰੀ ਨੀਂਦ ਛਾਈ, ਹੋਰ ਅਗੰਮ ਵਿਚ ਗੰਮਤਾ ਆਈ, ਅੰਦਰਲੀ ਜੋਤਿ 'ਜਾਗਤ' ਹੈ, ਪਰ ਸਰੀਰ ਤੇ ਸੰਸਾਰ ਵਲੋਂ ਹੁਣ ਮਾਨੋਂ ਨੀਂਦ ਹੈ, ਇਸ ਮਗਨਤਾ ਵਿਚ ਇਕ ਗੂੰਜ ਉੱਠੀ, ਇਕ ਧੁਨੀ ਹੋਈ-- **"ਖ਼ਾਲਸਾ"**

ਤ੍ਰੈ ਵੇਰ ਧੁਨਿ ਹੋਈ। ਹੁਣ ਇਸ ਧੁਨਿ ਦੇ ਸੂਖਮ ਅਵੈਵ, ਇਸ ਦਾ ਨਾਂ ਦਿੱਸਣ ਵਾਲਾ ਲਹਿਰਾਉ, ਕੁਛ ਕੱਠਾ ਹੋਣ ਲੱਗ ਪਿਆ, ਕੁਛ ਰੂਪ ਬਣਨ ਲੱਗ ਪਿਆ, ਕੁਛ ਮੂਰਤਿ ਬਣੀ। ਹਾਂ ਜੀ, ਇਕ ਸੱਚ ਮੁਚ ਨਮੂਨਾ ਬਣ ਗਿਆ; ਸਾਖਿਆਤ ਰੂਪ ਧਾਰਕੇ ਇਹ ਸੂਰਤ ਜੀਉਂਦੀ ਜਾਗਦੀ ਖੜੀ ਹੋ ਗਈ, ਜਿਸ ਦਾ ਰੂਪ-ਵਰਣਨ ਇਹ ਹੈ--

**"ਸਾਬਤ ਸੂਰਤਿ ਦਸਤਾਰ ਸਿਰਾ"**

ਨੂਰੀ ਚਿਹਰਾ, ਸੁਹਣੀ ਨੁਹਾਰ, ਅੰਗ ਨਕਸ਼ ਇਕੋ ਜੇਹੇ, ਸਰੀਰ ਸਡੌਲ, ਸਿਰ ਤੇ ਕੇਸ ਤੇ ਤੇਜ ਵਾਲੀ ਦਸਤਾਰ, ਮੱਥਾ ਲਿਸ਼ਕਦਾ, ਨੈਣ ਚਮਕਦੇ ਤੇ ਪਿਆਰ ਭਰੇ; ਗੱਲ੍ਹਾਂ ਸੇਉ ਵਰਗੀਆਂ ਸ਼ੋਖ, ਪਰ ਮਿਠਾਸ ਵਾਲੀਆਂ, ਬੁੱਲ੍ਹ ਸੂਹੇ ਪਰ ਉਨਾਬਾਂ ਵਰਗੇ ਸ਼ੀਰੀਂਦਾਰ। ਪਿਆਰੀ ਪਿਆਰੀ ਦਾਹੜੀ, ਛਾਤੀ ਚੌੜੀ ਤੇ ਤਕੜੀ, ਡੌਲੇ ਭਰਵੇਂ ਤੇ ਜ਼ੋਰਦਾਰ, ਬਾਹਾਂ ਲੰਮੀਆਂ, ਲੱਕ ਸ਼ੇਰ ਵਾਂਗੂੰ ਕੱਸਿਆ, ਲੱਤਾਂ ਭਾਰੇ ਭਾਰ ਦੇ ਸਹਿਣ ਵਾਲੀਆਂ ਤੇ ਫੁਰਤੀ ਭਰੀਆਂ, ਦਿਲ ਵਿਚ ਬਹਾਦਰੀ ਦੀ ਚਮਕਾਰ ਪਰ ਜ਼ੋਰ ਜ਼ੁਲਮ ਨਹੀਂ। ਉਤਸ਼ਾਹ ਦਾ ਉਛਾਲਾ ਪਰ ਗੁੱਸਾ ਨਹੀਂ। ਜਬ੍ਹਾ ਰੋਅਬ ਪਰ ਨਿਆਉਂ ਦਾ ਤੱਕੜ ਅਡੋਲ। ਪਿਆਰ ਹੈ, ਪਰ ਮਨ ਖਚਿਤ ਨਹੀਂ। ਉਪਕਾਰ ਹੈ ਪਰ ਉਪਰਾਮਤਾ ਨਾਲ ਹੈ। ਗ੍ਰਿਹਸਤ ਹੈ, ਪਰ ਉਦਾਸੀ ਦੀ ਲਹਿਰ। ਤਿਆਗ ਹੈ, ਪਰ ਹੁਕਮ ਹਾਸਲ। ਫਕੀਰੀ ਨਾਲ ਹੈ, ਪਰ ਦਿਲਗੀਰੀ ਨਹੀਂ। ਤਲਵਾਰ ਹੱਥ ਹੈ ਪਰ ਢਾਲ ਦੀ ਸੂਰਤ ਵਾਲੀ। ਕਲਮ ਬੀ ਹੱਥ ਵਿਚ ਹੈ, ਪਰ ਨਿਆਂ ਤੇ ਰਹਿਮ ਵਾਲੀ। ਗਲ ਅੰਗਾ ਤੇ ਕਮਰ ਕੱਸਾ ਹੈ, ਤੇੜ ਕੱਛ ਹੈ। ਬਲਦੇ ਹੀਰਿਆਂ ਦਾ ਬੁਹੱਟਾ ਡੌਲੇ ਬੱਧਾ ਹੈ, ਪਰ ਸੀਨੇ ਵਿਚ ਨਾਮ ਦਮਕ ਜ਼ੋਰਦਾਰ ਹੈ। ਦਿਲ ਵਿਚ ਨਕਸ਼ਾ ਕੋਮਲਤਾਈ ਤੇ ਰਸ ਭਰੀ ਸੁੰਦਰਤਾ ਦਾ ਹੈ, ਪਰ ਦਿਮਾਗ਼ ਵਿਚ ਨਕਸ਼ਾ ਵਿਵੇਕ ਦਾ ਹੈ; ਜ਼ੋਰ ਹੈ ਆਪੇ ਤੇ ਭਰੋਸਾ ਬੇਮੁਹਤਾਜੀ ਦਾ। ਮੱਥੇ ਤੇ ਰੇਖਾਂ ਹਨ ਜਿਨ੍ਹਾਂ ਵਿਚ ਅਗੰਮੀ ਅੱਖਰ ਲਿਖੇ ਹਨ :-

**"ਚੜ੍ਹਦੀਆਂ ਕਲਾਂ"**

ਦਿਲਗੀਰੀ, 11 ਮਹੀਨੇ 11 ਦਿਨ ਦੀ ਦਿਲਗੀਰੀ ਵਿਚ ਬੈਠੇ ਮਹਾਂ ਮੁਨਿ ਜੀ ਪੁੱਛਦੇ ਹਨ ਤੂੰ ਕੌਣ ਹੈਂ?

ਸੂਰਤ ਮਾਨੋ ਬੋਲੀ **'ਮੈਂ ਖ਼ਾਲਸਾ ਹਾਂ।'**

ਆਪ ਨੇ ਗਹੁ ਨਾਲ ਤੱਕ ਕੇ ਕਿਹਾ: ਕਿਥੋਂ ਦਾ ਵਾਸੀ ਹੈਂ? ਕਿਸ ਨੇ ਤੈਨੂੰ ਜਨਮ ਦਿੱਤਾ ਹੈ? ਸੂਰਤ ਬੋਲੀ: ਆਪ ਦੇ ਪਵਿੱਤ੍ਰ ਹਿਰਦੇ ਤੋਂ ਮੇਰਾ ਜਨਮ ਹੋਇਆ ਹੈ; ਵਾਸੀ ਮੈਂ ਆਪ ਦੇ ਹੀ ਅੰਦਰਲੇ ਸਰਮਖੰਡ ਦਾ ਹਾਂ, 'ਤਿਥੈ ਘਾੜਤਿ ਘੜੀਐ ਬਹੁਤੁ ਅਨੂਪ'। ਹਾਂ ਸਰਮ ਖੰਡ ਮੇਰਾ ਵਤਨ ਹੈ। ਦਿਲਗੀਰ ਜੀ ਨੇ ਪੁੱਛਿਆ:- ਕਿਉਂ ਆਇਆ ਹੈਂ? ਸੂਰਤ ਬੋਲੀ:- ਮੈਨੂੰ ਆਪ ਆਪਣੇ ਅੰਦਰੋਂ ਬਾਹਰ ਦੇ ਦੇਸ ਵਿਚ ਜਨਮ ਬਖ਼ਸ਼ੋ, ਮੈਂ ਆਦਮੀ ਦੇ ਅੰਦਰ ਵੜ ਜਾਵਾਂ ਇਕ ਨਮੂਨੇ ਦਾ, ਇਕ ਵੰਨਗੀ ਦਾ ਆਪਣੇ ਵਰਗਾ ਇਨਸਾਨ ਪੈਦਾ ਕਰਾਂ, ਦਿੱਸਦੇ ਜਗਤ ਵਿਚ '**ਖ਼ਾਲਸਾ**' ਪੈਦਾ ਕਰਾਂ। ਉਹ ਧਰਾ ਦਾ ਭਾਰ ਹਰੇ।

ਸੂਰਤ ਇਹ ਕਹਿਕੇ ਹੁਣ ਦਿਮਾਗ਼ ਵਿਚ ਆ ਬੈਠੀ, ਧੁਨਿ ਨੇ ਕੰਨਾਂ ਦੇ ਪਰਦੇ ਤੇ ਡੇਰਾ ਲਾ ਲਿਆ। ਦਿਲਗੀਰੀ ਵਿਚ ਬੈਠੇ ਅਚਾਹ ਤੇ ਬੇਲੋੜ ਜੀ ਨੇ ਨੈਣ ਖੋਹਲੇ। ਹਰ ਪੱਤੇ ਹਰ ਸ਼ਾਖ ਉੱਤੇ ਉਹੋ 'ਖ਼ਾਲਸਾ' 'ਖ਼ਾਲਸਾ' ਹੋ ਰਹੀ ਹੈ। ਆਹਾ! ਯਾਰਾਂ ਮਹੀਨੇ ਦੀ ਦਿਲਗੀਰੀ ਨੇ ਇਕ ਲਾਲ ਪੈਦਾ ਕੀਤਾ ਹੈ, ਹੁਣ ਆਪ ਦਿਲਗੀਰ ਨਹੀਂ, ਜਗਤ ਲਈ ਬੀ ਚੜ੍ਹਦੀਆਂ ਕਲਾਂ ਹਨ। ਲੋਕਾਂ ਦੇ ਭਾਣੇ ਕਮਲੇ, ਪਰ ਅਕਲਾਂ ਦੇ ਸਰਦਾਰ, ਬਨਾਂ ਨੂੰ ਵਿਦੈਗੀ ਦੇ ਕੇ ਫਿਰ ਆਨੰਦਪੁਰ ਆ ਗਏ।

ਆਪ ਜੀ ਨੂੰ ਪਤਾ ਸੀ ਕਿ ਨਵਾਂ ਗੁਰੂਆਂ ਦੀ ਘਾਲਣਾ ਨਾਲ ਸਿਖੀ ਵਿਚ ਨਾਮ ਹੈ, ਬਾਣੀ ਦਾ ਪ੍ਰੇਮ ਹੈ, ਸਿਖੀ ਵਿਚ ਵਾਹਿਗੁਰੂ ਦਾ ਸਿਦਕ ਭਰੋਸਾ ਹੈ, ਸਿਖੀ ਵਿਚ ਸੱਚ ਹੈ, ਸੱਚ ਦਾ ਵਰਤਾਉ ਹੈ, ਪਰਸਪਰ ਪ੍ਰੇਮ ਹੈ, ਕੁਰਬਾਨੀ ਦਾ ਮਾਦਾ ਹੈ, ਪਰ ਆਪ ਚਾਹੁੰਦੇ ਸੀ ਕਿ ਜੋ ਜਾਚ ਛੇਵੇਂ ਸਤਿਗੁਰਾਂ ਨੇ ਸਿਖਾਈ ਸੀ ਕਿ 'ਮਰੀ ਦਾ ਕੀਕੂੰ ਹੈ' ਉਹ ਜਾਚ ਹੁਣ ਨਿਰੀ ਆਪਣੀ ਸੈਨਾਂ ਵਿਚ ਹੀ ਨਾ ਰਹੇ ਪੰਥ ਵਿਚ ਪਰਵਿਰਤ ਹੋ ਜਾਵੇ, ਪਰ ਇਥੇ ਬੀ ਆਪ ਦੇ ਮਹਾਨ ਆਤਮਾ ਨੇ ਪਰਤਾਵਾ ਕਰਨਾ ਜ਼ਰੂਰੀ ਜਾਤਾ। ਜੈਸਾ ਕਿ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ--

**"ਪੁਨ ਸੋਧਨ ਸੰਗਤਿ ਗੁਰ ਚਾਹਤ। ਪਰਖਨਿ ਸਿਖੀ ਬੀਚ ਓਮਾਹਤ।**
**ਖੋਜਨ ਕਰਿ ਕੈ ਪੰਥ ਚਲਾਵਨ। ਅਜਬ ਖ਼ਾਲਸਾ ਕਰੋਂ ਉਪਾਵਨ।**
**ਰਿਦੈ ਮਨੋਰਥ ਕੋ ਧਰਿ ਐਸੇ। ਚਿਤਵਤਿ ਸ੍ਰੀ ਸਤਿਗੁਰ ਬਿਧਿ ਤੈਸੇ।"**

ਇਸ ਮਨੋਰਥ ਸਿੱਧੀ ਲਈ ਆਪ ਜੀ ਨੇ ਪ੍ਰਵਾਨੇ ਜਾਰੀ ਕਰਵਾਏ ਕਿ ਵੈਸਾਖੀ ਪਰ ਸੰਗਤਾਂ ਸਭ ਦੇਸ਼ ਦੇਸ਼ਾਂਤ੍ਰਾਂ ਤੋਂ ਆਉਣ। ਤਦੋਂ ਸੰਮਤ 1756 ਬਿ: ਸੀ।

ਸੰਗਤਾਂ ਆ ਗਈਆਂ, ਇਕ ਦਿਨ ਇਕ ਦੀਵਾਨ ਸਜ ਰਿਹਾ ਸੀ, ਵਿਚ ਸ੍ਰੀ ਗੁਰੂ ਜੀ ਬਿਰਾਜ ਰਹੇ ਸਨ। ਜਦ ਸਾਰਾ ਦੀਵਾਨ ਭਰ ਗਿਆ ਤਾਂ ਆਪ ਨੇ ਹੱਥ ਫੜਿਆ ਤੀਰ ਭੱਥੇ ਪਾਯਾ, ਤਲਵਾਰ ਖਿੱਚ ਲਈ ਤੇ ਖੜੇ ਹੋ ਕੇ ਬੋਲੇ 'ਓ ਮੇਰੇ ਸਦਾਵਣ ਵਾਲਿਓ! ਆਓ, ਸੀਸ ਭੇਟ ਦਿਓ। ਮੈਨੂੰ ਤੁਹਾਡੇ ਸੀਸਾਂ ਦੀ ਲੋੜ ਹੈ, ਆਓ ਮੇਰੀ ਤਲਵਾਰ ਦੀ ਭੇਟ ਆਪਾ ਕਰ ਦਿਓ! ਮੇਰੀ ਪਿਆਰੀ ਸੰਗਤ ਜੀ! ਕੋਈ ਮੇਰਾ ਐਸਾ ਅਤਿ ਪ੍ਰੇਮੀ ਸਿਖ ਹੈ ਜੋ ਆਪਣਾ ਸੀਸ ਭੇਟਾ ਦੇ ਸਕੇ ? ਹਾਂ, ਕੋਈ ਐਸਾ ਕੰਮ ਹੈ ਕਿ ਉਸ ਲਈ 'ਸੀਸ ਭੇਟ' ਦੀ ਲੋੜ ਹੈ।" ਇਹ ਕਹਿ ਕੇ ਸੂਤੀ ਤਲਵਾਰ ਤੇ ਨਜ਼ਰ ਟਿਕਾ ਲਈ ਤੇ ਸੰਗਤ ਵਿਚ ਹਲਚਲੀ ਮਚ ਗਈ। ਇਕ ਦੂਏ ਦੇ ਮੂੰਹ ਵਲ ਤੱਕਣ, ਸੋਚਣ, ਵਿਚਾਰਨ ਉਮਲਣ, ਫੇਰ ਸੋਚੀਂ ਪੈ ਜਾਣ। ਗੁਰੂ ਜੀ ਵਲ ਤੱਕਣ ਤਾਂ ਤੱਕਿਆ ਨਾ ਜਾਵੇ, ਐਸਾ ਕੋਈ ਤੇਜ ਚਮਕ ਰਿਹਾ ਦਿੱਸੇ। ਆਪ ਫਿਰ ਦੂਜੀ ਵਾਰ ਗਰਜ ਕੇ ਬੋਲੇ--"ਹੈ ਕੋਈ ਸਿਖ! ਦੇਹ ਦਾ ਪਜਾਰ ਤਜਾਗਕੇ ਜੋ ਆਪਣੇ ਆਪ ਦਾ ਦਾਨ ਦੇ ਦੇਵੇ ?"

ਆਹ! ਕੌਣ ਨਿੱਤਰੇ ? ਲੋਕੀ ਆਖਦੇ ਹਨ:- "ਅਗੇ ਤਾਂ ਮਸਤ ਕਮਲਾ ਸੀ: ਹੁਣ ਸ਼ੋਰੀ ਕਮਲਾ ਹੋ ਗਿਆ ਹੈ।" ਹਾਂ ਸ਼ੋਕ, ਹੇ ਜਗਤ! ਤੂੰ, ਜਿਸ ਦੇ ਲਈ ਸੁਹਣਿਆਂ ਦਾ ਸੁਲਤਾਨ ਤਲਵਾਰ ਸੂਤੀ ਖੜਾ ਹੈ-- ਤੂੰ ਉਸ ਨੂੰ ਸ਼ੋਰੀ ਕਮਲਾ ਆਖਦਾ ਹੈਂ। ਆਖ, ਤੇਰੀ ਰਵਸ਼ ਇਹੋ ਹੈ, ਪਰ ਦਾਤੇ ਨੇ ਤੇਰਾ ਰੋਗ ਕੱਟਣਾ ਹੈ।

ਦਿਲ ਜ਼ੋਰ ਜੀ ਹੁਣ ਫੇਰ ਲਲਕਾਰਦੇ ਹਨ ਤੇ ਸਿਰ ਮੰਗਦੇ ਹਨ :- ਕੋਈ ਹੈ?

ਸੰਗਤਾਂ ਵਿਚ ਚੁਪ ਤੇ ਸਤੰਭ ਅਵਸਥਾ ਛਾ ਰਹੀ ਸੀ, ਅਕਲ ਕੰਮ ਨਹੀਂ ਸੀ ਕਰਦੀ। 'ਨਾਂਹ' ਕੀਤੀ ਨਹੀਂ ਸੀ ਜਾਂਦੀ, ਸਿਖੀ ਰਹੁਰੀਤੀ ਦੇ ਉਲਟ ਸੀ ਹਾਂ ਕੀਤੀ ਨਹੀਂ ਸੀ ਜਾਂਦੀ, ਪ੍ਰਾਨ ਅਤਿ ਪਯਾਰੇ ਹਨ। 'ਦੇਵੀ ਪੁੱਠੀ ਪੈ ਗਈ ਹੈ' ਇਹ ਖਯਾਲ ਮਸੰਦਾਂ ਨੇ ਸਿਖੀ ਵਿਚ ਬਹੁਤ ਪਰਵਿਰਤ ਕਰ ਰਖਿਆ ਸੀ। ਸੋਚਦੇ ਸਨ: ਸਿਰ ਲੈ ਕੇ ਕੀਹ ਕਰਨਗੇ, ਮਸੰਦ ਸੱਚੇ ਹਨ ਜੋ ਕਹਿੰਦੇ ਹਨ ਕਿ ਦੇਵੀ ਹੀ ਪੁਠੀ ਪਈ ਹੈ। ਫੇਰ ਸੋਚ ਫੁਰੀ; ਗੁਰੂ ਪੂਰਾ ਹੈ, ਦਾਨਾ ਹੈ, ਦਾਤਾ ਹੈ, ਪ੍ਰੇਮ ਹੈ, ਭੁੱਲ ਕਦੇ ਨਹੀਂ ਕਰ ਸਕਦਾ। ਐਸੀ ਦੁਚਿਤਾਈ ਅਖ਼ੀਰ ਸਤੰਭ ਕਰ ਦੇਂਦੀ ਸੀ ਕਿ ਇੰਨੇ ਵਿਚ ਲਾਹੌਰ ਦਾ ਇਕ ਖਤ੍ਰੀ ਸਿਖ, ਜੋ ਗੁਰੂ ਘਰ ਦੀ ਅਨੁਭਵੀ ਵਿਦਯਾ ਦੇ ਸਿਵਾ ਵੇਦਾਂਤ ਤੇ ਜੋਗ ਮਤ ਦਾ ਗਯਾਤਾ ਸੀ, ਉਠਿਆ, ਇਹ ਸੋਚਦਾ ਕਿ ਸਰੀਰ ਤਾਂ ਰਹਿਣਾ ਨਹੀਂ, ਆਤਮਾ ਮਰਨਾ ਨਹੀਂ, ਸਰੀਰ ਵਰਗੀ ਨਾਸ਼ਵਾਨ ਸ਼ੈ ਗਯਾਨ ਭਗਤੀ ਦਾ ਦਾਤਾ ਗੁਰੂ ਮੰਗਦਾ ਹੈ, ਐਸਾ ਸਮਾਂ ਫੇਰ ਕਦ ਲੱਭਣਾ ਹੈ, ਸਫਲ ਕਰ ਜਨਮ, ਇਹ ਮਿੱਟੀ ਦੀ ਹਾਂਡੀ ਨੂੰ ਫੋੜ ਦੇਹ ਦਾਤੇ ਦੇ ਚਰਨਾਂ ਵਿਚ। ਇਉਂ ਅਮਰ ਭਾਵਨਾਂ ਵਿਚ ਆ ਕੇ ਸਿਖ ਸਿਰ ਨੁਛਾਵਰ ਕਰਨ ਲਈ ਅੱਗੇ ਹੋਇਆ।

**ਸਿਰ ਸਿਖ ਦੀ ਹੈ ਤੁੰਬੜੀ ਤੂੰ ਅੰਮ੍ਰਿਤ ਦੀ ਖਾਣ।**
**ਰੀਝੇਂ ਜੇ ਸਿਰ ਲੀਤਿਆਂ, ਲੈ ਮੇਰੇ ਸੁਲਤਾਨ!**

ਦਿਲ-ਜ਼ੋਰ, ਜੀ ਸਿਰ ਭੇਟ ਦੇਣ ਵਾਲੇ ਨੂੰ ਬਾਹੋਂ ਖਿੱਚ, ਤੰਬੂ ਵਿਚ ਲੈ ਗਏ, ਲਹੂ ਨ੍ਹਾਤੀ ਤਲਵਾਰ ਚਮਕਾਉਂਦੇ ਫੇਰ ਬਾਹਰ ਆਏ।

ਸਿੱਖਾਂ ਨੇ ਲਹੂ ਭਰੀ ਤਲਵਾਰ ਤੱਕ ਲਈ ਤੇ ਸਿੱਖ ਮਾਰਿਆ ਗਿਆ ਜਾਣ ਗਏ। ਹੁਣ ਪਹਿਲੀਆਂ ਸੋਚਾਂ ਉੱਤੇ ਡਰ ਵਧੇਰੇ ਛਾ ਗਿਆ, ਸੰਸੇ ਦੇ ਬਦਲਾਂ ਵਾਲੇ ਅਕਾਸ਼ ਤੇ ਭੈ ਦੀਆਂ ਹੋਰ ਕਾਲੀਆਂ ਘਟਾਂ ਛਾ ਗਈਆਂ। ਆਪ ਫੇਰ ਆ ਖੜੋਤੇ, ਫੇਰ ਲਲਕਾਰੇ, ਹੁਣ ਸੁਰ ਵਧੇਰੇ ਗਰਜਵੀਂ ਸੀ, ਤ੍ਰੈ ਵੇਰ ਫੇਰ ਉਸੀ ਤਰ੍ਹਾਂ ਸੀਸ ਦੀ ਮੰਗ ਪਾਈ। ਆਹ ਸੀਸ! ਖਲਬਲੀ ਮਚਦੀ ਹੈ।... ਕਮਲਾ ਹੋ ਗਿਆ...। ਗੁਰੂ ਨਾਨਕ ਦੀ ਗੱਦੀ! ਹੈਂ ਸੀਸ...। ਪਰ ਔਹ ਦੇਖੋ ਇਕ ਹੋਰ ਗਰੀਬ ਪਰ ਮਜ਼ਬੂਤ ਸੂਰਤ ਕਮਲਾ ਆਖਣ ਵਾਲਿਆਂ ਵਿਚੋਂ ਉਠ ਤੁਰੀ, ਅੱਗੇ ਵਧੀ, ਤਲਵਾਰ ਦੇ ਵਾਰ ਦੇ ਘੇਰੇ ਵਿਚ ਜਾ ਖੜੋਤੀ: 'ਜਿਸ ਦਿਨ ਸੀਸ ਨਿਵਾਇਆ, ਭੇਟਾ ਹੋ ਗਿਆ ਸੀਸ। ਦਿੱਤਾ ਹੋਇਆ ਕੀਹ ਦਿਆਂ? 'ਤੇਰਾ' ਇਹੇ ਜਗਦੀਸ਼!' 'ਦਿਲ-ਜ਼ੋਰ' ਜੀ ਇਸਨੂੰ ਫੜਕੇ ਅੰਦਰ ਲੈ ਗਏ, ਪਹਿਲੇ ਸਿੱਖ ਦਇਆ ਰਾਮ ਦੇ ਪਾਸ ਇਸ ਧਰਮ ਦਾਸ ਨੂੰ ਬਿਠਾ ਦਿੱਤਾ ਤੇ ਲਹੂ ਰੰਗੀ ਭਗਵਤੀ ਚਮਕਾਉਂਦੇ ਫੇਰ ਬਾਹਰ ਆ ਖੜੇ ਹੋਏ ਤੇ ਤੀਸਰੀ ਵੇਰ ਫੇਰ ਸਿਰ ਦੀ ਮੰਗ ਕੀਤੀ।

ਸੰਗਤਾਂ ਵਿਚੋਂ ਹੁਣ ਕੁਛ ਮਸੰਦ ਸਹਿਜੇ ਤਿਲਕ ਗਏ ਸਨ ਤੇ ਮਾਤਾ ਜੀ ਪਾਸ ਜਾ ਫਰਯਾਦੀ ਹੋਏ। ਮਾਤਾ! ਦੇਵੀ ਪੁੱਠੀ ਪੈ ਗਈ, ਗੁਰੂ ਕੇ ਬਾਵਲੇ ਹੋ ਗਏ; ਇਨ੍ਹਾਂ ਨੂੰ ਘਰ ਵਿਚ ਬੰਦ ਕਰਕੇ ਪਹਿਰੇ ਹੇਠ ਰਖੋ ਤੇ ਗੱਦੀ ਪਰ ਪੋਤ੍ਰੇ ਨੂੰ ਬਿਠਾਓ ਤਾਂ ਗੁਰੂ ਘਰ ਦੀ ਕਾਰ ਚੱਲੇਗੀ। ਮਾਤਾ ਜੀ ਨੇ ਸੁਣਕੇ ਇਕ ਦਾਸ ਨੂੰ ਠੀਕ ਖ਼ਬਰ ਲਿਆਉਣ ਲਈ ਘੱਲਿਆ। ਉਧਰ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਗੁਰੂ ਕਿਆਂ ਨੂੰ ਕੁਛ ਹੋ ਗਿਆ ਹੈ, ਆਪਣੇ ਸਿਖਾਂ ਦੇ ਸਿਰ ਵੱਢੀ ਜਾਂਦੇ ਹਨ। ਪਰ ਦਿਲਜ਼ੋਰ ਜੀ ਆਪਣਾ ਕੰਮ ਉਸੇ ਅਹਿੱਲ ਰੰਗ ਵਿਚ ਕਰ ਰਹੇ ਹਨ। ਤੀਜੀ ਵੇਰ ਫੇਰ ਆ ਕੇ ਲਲਕਾਰੇ: ਇਕ ਸੀਸ! ਕੋਈ ਸਿੱਖ ਸੀਸ ਭੇਟਾ ਕਰੇ। ਤ੍ਰੈ ਵੈਰ ਦੀ ਪੁਕਾਰ ਮਗਰੋਂ ਮੁਹਕਮ ਨਾਮ ਦਾ ਜਾਤ ਦਾ ਨਾਮਾਬੰਸੀ, ਦ੍ਵਾਰਕਾ ਦਾ ਵਾਸੀ ਇਕ ਸਿੱਖ ਉਠਿਆ ਤੇ ਆ ਸਿਰ ਨਿਹੁੜਾਕੇ ਸੀਸ ਪੇਸ਼ ਕੀਤਾ। ਪਾਤਸ਼ਾਹ! ਲਓ ਸੀਸ ਤੇ ਛਿਮਾ ਕਰੋ ਜੋ ਐਤਨੀ ਦੇਰ ਲਾ ਕੇ ਤੇਰਾ ਦਿੱਤਾ ਤੈਨੂੰ ਅਰਪਨ ਆਯਾ ਹਾਂ।

**ਤੇਰੀ ਧੁਰੋਂ ਅਮਾਨ, ਜੋ ਕੁਛ ਮੇਰੇ ਪਾਸ ਹੈ।**
**ਮਿਲਦਾ ਸੁੱਖ ਮਹਾਨ ਮਾਲ ਅਮਾਨਤ ਦਿੱਤਿਆਂ।**

ਇਸ ਸਿਰ-ਨੁਛਾਵਰੀਏ ਨੂੰ ਬੀ ਤੰਬੂ ਦੇ ਅੰਦਰ ਲੈ ਗਏ, ਫੇਰ ਧੂਈ ਤਲਵਾਰ ਲੈ ਕੇ ਬਾਹਰ ਆਏ ਤੇ ਗੱਜ ਕੇ ਬੋਲੇ: 'ਇਕ ਹੋਰ'।

ਹੁਣ ਹੋਰ ਸਹਿਮ ਛਾ ਗਿਆ। ਪਰ ਫੇਰ ਇਕ ਸੂਰਤ ਨਿਕਲੀ, ਨੈਨਾ ਵਿਚ ਲਾਲੀ ਤੇ ਲਾਲੀ ਵਿਚ ਖੁਸ਼ਹਾਲੀ, ਸੂਰਤ ਅੱਗੇ ਆਈ ਤੇ ਝੁਕ ਗਈ:-

**ਨਿਉਂਕੇ ਸਿਰ ਜਗ ਆਇਆ ਝੁਕਿਆ ਦੂਰੋ ਦੂਰ॥**
**ਏ ਵਡਭਾਗੀ ਜੇ ਝੁਕੇ ਅਗੇ ਤੈਂ ਤਲਵਾਰ।**

ਦਿਲ-ਜ਼ੋਰ ਜੀ ਇਸ ਨੂੰ ਵੀ ਤੰਬੂ ਵਿਚ ਛਿੱਕ ਕੇ ਲੈ ਗਏ ਤੇ ਲਾਲ ਅੰਗਾਰੇ ਨੇਤ੍ਰੀਂ ਫੇਰ ਆ ਕੇ ਬੋਲੇ "ਕੋਈ ਹੋਰ ਨਿਤਰੇਗਾ ?"

ਜਦ ਚਾਰ ਸਿਖ ਮਾਰੇ ਗਏ ਸੰਗਤ ਨੇ ਲਖ ਲਏ ਤਾਂ ਮਰੌਣੀ ਛਾ ਗਈ। ਦੂਰ ਦੂਰ ਵਾਲਿਆਂ ਵਿਚੋਂ ਦਬੇ ਪੈਰੀਂ ਖਿਸਕੰਤ ਸ਼ੁਰੂ ਹੋ ਗਈ। ਕਈ ਸਤੰਭ ਹੋਏ ਬੈਠੇ ਰਹੇ, ਕਈ ਲਾਜ ਦੇ ਮਾਰੇ ਨਾ ਉਠੇ, ਪਰ ਬਹੁਤੇ ਦੁਚਿਤਾਈ ਵਿਚ ਸਜੇ ਰਹੇ। ਕਦੇ ਚਿਤ ਕਹੇ ਗੁਰੂ ਸਰਵੱਗ ਹੈ, ਅਭੁੱਲ ਹੈ, ਉਠੋ ਕਰੋ ਸੀਸ ਭੇਟਾ, ਕਿਸੇ ਰੋਗ ਨਾਲ ਮਰਨਾ ਹੀ ਹੈ ਨਾ, ਇਹ ਤਾਂ ਤਤ ਫਟ ਸ਼ਸਤ੍ਰ ਦੀ ਮੌਤ ਹੈ। ਕਦੇ ਚਿਤ ਕਹੇ, ਗੁਰੂ ਜੀ ਕਾਲੀ ਦੇ ਪ੍ਰਭਾਵ ਹੇਠ ਹਨ, ਆਪੇ ਵਿਚ ਨਹੀਂ ਹਨ, ਇਸ ਵੇਲੇ ਕੁਰਬਾਨੀ ਦੇਣ ਦਾ ਕੀ ਲਾਭ? ਪਰ ਫਿਰ ਬੀ ਇਕ ਸਿੱਖ ਹਿੰਮਤ ਨਾਮ ਦਾ ਹਿੰਮਤੀਆ ਉਠ ਬੈਠਾ। ਇਹ ਜਗਨ ਨਾਥ ਦਾ ਵਾਸੀ ਸੀ, ਜਾਤ ਦਾ ਝੀਵਰ ਸੀ, ਆ ਗਿਆ :-

**ਧੁਰ ਤੋਂ ਉਸ ਨੱਕਾਸ਼ ਨੇ ਨੱਕਸ਼ਾ ਕੀਤਾ ਤਯਾਰ।**
**ਸਿਰ ਝੁਕਿਆ ਮੇਰਾ ਰਹੇ ਹੇਠਾਂ ਤੁਧ ਤਲਵਾਰ।**
**ਖਿਚੇ ਜੋ ਧਰਤੀ ਉੱਪਰੇ ਓਹੋ ਧੁਰ ਦਾ ਨਕਸ਼।**
**ਅਚਰਜ ਦੀ ਕੀ ਗਲ ਹੈ? ਪੈਂਦਾ ਉਸਦਾ ਅਕਸ।**

ਇਸ ਸੂਰਤ ਨੂੰ ਬੀ ਅੰਦਰ ਲੈ ਗਏ।

**ਦਿਲ-ਸ਼ਾਦ**: ਸੰਗਤ ਨੇ ਸਮਝ ਲਿਆ ਕਿ ਗਿਆ ਇਹ ਬੀ। ਅੰਦਰ ਹੁਣ ਕੀ ਵਰਤਿਆ, ਸੀਸ ਭੇਟਾ ਮੰਗਣ ਵਾਲੇ ਨੇ ਪੰਜਾਂ ਨੂੰ ਗਲਵੱਕੜੀ ਪਾ ਪਾ ਪਤਾਰਿਆ ਤੇ ਏਹ ਵਾਕ ਉਚਾਰੇ:- ਤੁਸੀਂ ਆਪੇ ਤੋਂ ਮਰ ਗਏ ਹੋ, ਹੁਣ

**ਮਮ ਸਰੂਪ ਤੁਮ ਅਬ ਭਏ, ਹਉਂ ਭਾ ਤੁਮਹਿ ਸਰੂਪ।**
**ਬ੍ਰਹਮ ਗਯਾਨ ਦ੍ਰਿਢ ਰਿਦੈ ਹ੍ਵੈ ਪਦ ਅਤਿ ਲੀਨ ਅਨੂਪ।**

ਇਹ ਵਰ ਬਖ਼ਸ਼ ਕੇ ਬਾਹਰ ਨਿਕਲੇ। ਹਾਂ ਦਿਲਗੀਰ ਜੀ, ਜੋ ਦਿਲਜ਼ੋਰ ਹੋ ਅੰਦਰ ਵੜੇ ਸਨ, ਹੁਣ ਨਿਕਲੇ ਹਨ ਦਿਲਸ਼ਾਦ ਹੋ। ਲਹੂ ਭਰੀ ਤਲਵਾਰ ਹੁਣ ਮਿਆਨ ਵਿਚ ਹੈ, ਪੰਜੇ ਜੀਉਂਦੇ ਜਾਗਦੇ ਸਹੀ ਸਲਾਮਤ ਤਾਰਿਆਂ ਦੇ ਪਰਵਾਰ ਵਾਂਙੂ ਗੁਰੂ ਚੰਦ ਨੂੰ ਆਪਣੇ ਵਿਚ ਪਰਵਾਰਿਤ ਕਰੀ ਆ ਰਹੇ ਹਨ। ਸੰਗਤ ਦੇ ਅਸਚਰਜ ਦਾ ਕੋਈ ਅੰਤ ਨਾ ਰਿਹਾ। ਮਰੇ ਹੋਏ ਜੀਉਂਦੇ ਹਨ। ਕੀਹ ਜਾਣੀਏ ਮਾਰ ਮਾਰ ਕੇ ਗੁਰੂ ਨੇ ਆਪਣੀ ਦੈਵੀ ਸ਼ਕਤਿ ਨਾਲ ਫੇਰ ਜਿਵਾ ਆਂਦੇ ਹਨ; ਖਬਰੇ ਕੋਈ ਹੋਰ ਕੌਤਕ ਹੋਵੇ, ਗੁਰੂ ਕੀ ਗਤਿ ਗੁਰੂ ਜਾਣੇ, ਪਰ ਮਸੰਦ ਗਲਤ ਕਹਿੰਦੇ ਹਨ ਕਿ ਦੇਵੀ ਪੁੱਠੀ ਪਈ ਹੈ। ਗੁਰੂ ਤਾਂ ਗੁਰੂ ਹੀ ਹੈ, ਬਉਰਾਨਿਆ ਨਹੀਂ ਹੈ। ਸੰਗਤ ਦੀ ਇਸ ਹੈਰਾਨੀ ਵਿਚ ਸਤਿਗੁਰੂ ਉੱਚੀ ਗਗਨ ਗੰਭੀਰ ਸੁਰ ਵਿਚ ਬੋਲੇ:- ਸ੍ਰੀ ਗੁਰੂ ਨਾਨਕ ਦੇਵੇ ਜੀ ਦੀ ਪਰਖਨਾ ਵਿਚ ਸਿੱਖੀ ਦੀ ਆਨ ਗੁਰੂ ਅੰਗਦ ਦੇਵ ਜੀ ਨੇ ਰੱਖੀ ਸੀ, ਅੱਜ ਦੀ ਪਰਖ਼ਨਾ ਵਿਚ ਸਿੱਖੀ ਦੀ ਆਨ ਪੰਜਾਂ ਸਿੱਖਾਂ ਨੇ ਰੱਖੀ ਹੈ। ਇਨ੍ਹਾਂ ਪੰਜਾਂ ਦੇ ਸਮੁਦਾਇ ਨੂੰ ਹੁਣ ਮੇਰੇ ਤੁੱਲ ਸਮਝੋ, ਮੇਰੇ ਤੇ ਇਨ੍ਹਾਂ ਵਿਚ ਕੋਈ ਭੇਦ ਨਹੀਂ ਜਾਣੋ। ਹੁਣ ਸਿੱਖ ਸੰਗਤ ਸਮਝੀ ਕਿ ਓਹ ਹੋ ਇਹ ਤਾਂ ਕਸੌਟੀ ਸੀ, ਅਸੀਂ ਕਿਉਂ ਕੱਸੇ ਨਿਕਲੇ। ਫੇਰ ਸ਼ੁਕਰ ਕਰਨ ਕਿ ਸਾਡੇ ਵਿਚੋਂ ਪੰਜ ਨਿੱਤਰੇ, ਸਿੱਖੀ ਦੀ ਲਾਜ ਰਹਿ ਆਈ। ਜੇ ਇਹ ਬੀ ਨਾ ਨਿੱਤਰਦੇ ਤਾਂ ਖ਼ਬਰੇ ਗੁਰੂ ਜੀ ਅਜ ਮਸੰਦਾਂ ਵਾਂਙੂ ਸਿੱਖੀ ਤੋਂ ਬੀ ਉਦਾਸ ਹੋ ਜਾਂਦੇ। ਧੰਨ ਇਹ ਪੰਜ ਆਪਾ ਵਾਰੂ ਸਿੱਖ ਜਿਨ੍ਹਾਂ ਸਾਰੀ ਸਿੱਖੀ ਦੀ ਰੱਖ ਦਿਖਾਈ। ਸਾਰੇ ਉਨ੍ਹਾਂ ਪੰਜਾਂ ਨੂੰ ਸਤਿਕਾਰ ਨਾਲ ਸੀਸ ਨਿਵਾਉਣ। ਕੁਛ ਸਮਾਂ ਇਸ ਤਰ੍ਹਾਂ ਗੁਰੂ ਸਾਹਿਬ ਜੀ ਤੇ ਪੰਜਾਂ ਪਿਆਰਿਆਂ ਨੂੰ ਦਰਸ਼ਨ ਦੇਂਦੇ ਲੰਘਿਆ।

**ਖ਼ਾਲਸਾ**:-ਖ਼ਾਲਸਾ ਰਚਿਆ ਗਿਆ ਸੀ। ਇਹ ਸੀ ਆਦਰਸ਼ ਜੋ ਸਤਿਗੁਰੂ ਨੇ ਆਪਣੇ ਅਰਸ਼ੀ ਦਿਮਾਗ਼ ਵਿਚੋਂ, ਸੁਰਤ ਵਿਚੋਂ, ਜੋ ਸਦਾ ਵਾਹਿਗੁਰੂ ਵਿਚ ਖੁਭੀ ਰਹਿੰਦੀ ਸੀ, ਕੱਢਿਆ ਤੇ ਮੂਰਤੀਮਾਨ ਕਰ ਦਿੱਤਾ। ਹੁਣ ਇਕ ਕਾਰਜ ਜੋ ਬਾਕੀ ਸੀ, ਉਹ ਸੀ ਗੁਰੂ ਦੀ ਆਪਣੀ ਪ੍ਰੀਖਯਾ। ਗੁਰੂ ਪੂਰਨ ਸੀ, ਪੂਰਨ ਹੈ, ਪੂਰਨ ਰਹੇਗਾ। ਸਾਡੀ ਪਰਿਭਾਖਾ ਵਿਚ ਗੁਰੂ ਉਸਤਾਦ ਮਾਤ੍ਰ ਦਾ ਨਾਮ ਨਹੀਂ; ਪਰ ਵਾਹਿਗੁਰੂ ਜਯੋਤਿ, ਜੋ ਪੂਰਨ ਪੁਰਖ ਦਸਾਂ ਸਤਿਗੁਰਾਂ ਵਿਚ ਟਿਕੀ ਉਸ ਦਾ ਨਾਮ ਹੈ 'ਗੁਰੂ'। "ਭੂਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ", ਅਭੁਲ ਨੂੰ ਕੌਣ ਪਰਖੇ, ਪੂਰੇ ਨੂੰ ਪਰਖਣਾ ਕਿਸ ਦਾ ਬਲ ਤੇ ਲੋੜ ਕਾਹਦੀ। ਪਰ ਕੌਤਕੀ ਦਾਤਾ ਗੁਰੂ ਨਾਨਕ ਵਲ ਤੱਕ ਰਿਹਾ ਹੈ, ਜਦੋਂ ਸਿੱਖੀ ਪਰਖੀ ਤੇ ਸ੍ਰੀ ਪਾਵਨ ਲਹਿਣਾ ਜੀ ਪੂਰੇ ਉਤਰੇ ਤਾਂ ਗੁਰੂ ਨਾਨਕ ਨੇ ਆਪ ਨੂੰ ਪਰਖਿਆ ਆਪੇ ਆਪਣੇ ਅਲੱਖ ਤ੍ਰੀਕੇ ਨਾਲ ਤੇ ਸਾਨੂੰ ਕਿਵੇਂ ਦਿੱਸਿਆ ਜਦੋਂ 'ਸਿਖ ਲਹਿਣਾ' ਜੀ ਨੂੰ ਆਪਣੀ ਜੋਤਿ ਦੇ ਕੇ 'ਗੁਰੂ' ਬਣਾ ਲਿਆ। ਪੂਰੇ ਉੱਤਰੇ ਨੂੰ ਗੁਰਤਾ ਦੇ ਦੇਣੀ ਇਹ ਸੀ ਪੂਰੇ ਗੁਰੂ ਦਾ ਸਾਡੇ ਨੈਣਾਂ ਵਿਚ ਪੂਰੇ ਉਤਰਨਾ। ਅੱਜ ਪੂਰਿਆਂ ਉਤਰਿਆਂ ਨੂੰ ਦਸਮੇ ਜਾਮੇ ਨੇ ਅੰਮ੍ਰਿਤ ਛਕਾਕੇ ਆਪਣੇ ਤੁੱਲ ਬਣਾ ਲਿਆ ਹੈ। ਤੁੱਲਤਾ ਬਖਸ਼ਣੀ ਗੁਰੂ ਦਾ ਆਪੇ ਆਪ ਕੀਤੇ ਆਪਣੇ ਪਰਤਾਵੇ ਦੀ ਪੂਰਣਤਾ ਹੈ। ਪਰ ਏਥੇ ਹੀ ਬੱਸ ਨਹੀਂ ਕਰ ਰਿਹਾ। ਔਹ ਦੇਖੋ ਸਿੰਘਾਸਨ ਤੋਂ ਛਾਲ ਮਾਰਕੇ ਥੱਲੇ ਆ ਖੜੋਤਾ ਹੈ ਤੇ ਪੰਜਾਂ ਨੂੰ ਆਖਦਾ ਹੈ ਤੁਸੀਂ 'ਪੰਜ' ਮੇਰਾ ਰੂਪ ਹੋ, ਹੁਣ ਮੇਰੇ ਵਾਂਙ ਅੰਮ੍ਰਿਤ ਤਯਾਰ ਕਰੋ ਤੇ ਮੈਨੂੰ ਛਕਾਓ। ਸਿਖ ਗੁਰੂ ਹੋ ਗਏ, ਗੁਰੂ ਸਿਖ ਹੋ ਗਿਆ ! ਇਉਂ ਅਚਰਜ ਹੁੰਦਿਆਂ ਫੇਰ ਲਹਿਰ ਫਿਰੀ ਸੰਸੇ ਦੀ ਕਿ ਗੁਰੂ ਜੀ ਨੂੰ ਕੀਹ ਹੋ ਗਿਆ ਹੈ? ਪਰ ਅੱਜ ਸੰਸਾ ਪਰਾਂ ਵਾਲਾ ਹੈ, ਉਡਦਾ ਆਉਂਦਾ ਤੇ ਉਡਦਾ ਚਲਾ ਜਾਂਦਾ ਹੈ ਤੇ ਵੀਚਾਰ ਫੁਰਦੀ ਹੈ ਕਿ ਕੋਈ ਕੌਤਕ ਹੈ ਸਾਡੀ ਸਮਝੋਂ ਪਰੇ, ਕੱਲ ਵਾਂਙੂ ਅਸੀਂ ਭੁੱਲ ਨਾ ਕਰੀਏ ਤੇ ਡਰੀਏ ਨਾ। ਏਧਰ ਪੰਜ ਪਯਾਰੇ ਹੈਰਾਨ ਹਨ, ਅਸਮੰਜਸ ਵਿਚ ਹਨ ਕਿ ਸੇਵਕ ਹੋ ਕੇ ਸਾਹਿਬ ਨੂੰ ਅਸੀਂ ਅੰਮ੍ਰਿਤ ਛਕਾਈਏ? ਪੰਜਾਂ ਦਾ ਭਗਤੀ ਭਾਵ ਤੇ ਅਤੁੱਟ ਪ੍ਰੇਮ ਇਸ ਗੱਲ ਨੂੰ ਆਪਣੇ ਪਯਾਰੇ ਦੀ ਬੇਅਦਬੀ ਸਮਝਦਾ ਹੈ। ਦੇਖੋ ਕਵੀ ਜੀ ਕਿਵੇਂ ਇਸ ਦਾ ਰੂਪ ਦੱਸਦੇ ਹਨ:-

ਅਦਭੁਤ ਬਾਨੀ ਸੁਨਿ ਕਾਨ ਮੈ ਹਰਾਨੀ ਹੋਇ ਸਿੰਘਨ ਬਖਾਨੀ 'ਕਹਾਂ ਕਹੋ ਆਪ ਬੈਨ ਕੋ?
ਜਾਤ ਕੇ ਕਮੀਨ, ਦੀਨ, ਰੰਕ ਹੈਂ ਅਧੀਨ, ਹੀਨ, ਕਾਮ, ਕ੍ਰੋਧ, ਪੀਨ, ਮਨ ਖੀਨ ਹੈ ਨ ਚੈਨ ਕੋ।
ਬਿਸ਼ਈ ਮਲੀਨ ਜੀਵ ਸਭਿ ਤੇ ਸਦੀਵ ਨੀਵ ਜੰਤੁ ਸੁ ਗਰੀਬ ਹਮ, ਭਲੇ ਗੁਨ ਹੈਨ ਕੋ।
ਏਕ ਬਲ ਭਯੋ ਤੁਮ ਹਾਥ ਦਯੋ ਸੀਸ ਧਰ; ਨਯੋ ਰੰਗ ਥਿਯੋ ਮਯੋ ਕਿਯੋ ਸੁਖ ਐਨ ਕੋ।

ਦੇਖੋ ਇਸ ਦੇ ਉੱਤਰ ਵਿਚ ਸ੍ਰੀ ਦਸਮੇਸ਼ ਪਿਤਾ ਜੀ ਕੀ ਫੁਰਮਾਉਂਦੇ ਹਨ--

ਜੋਤੀ ਰੂਪ ਏਕੰਕਾਰ ਸਭਿ ਕੇ ਆਧਾਰ ਨਿਤ ਆਪ ਨਿਰਾਧਾਰ ਜਾਂ ਕੋ ਜਾਨਤ ਅਸੇਸ ਹੈਂ।
ਭਗਤਿ ਅਧੀਨ ਕਾਲ ਛੀਨ ਮਹੀਆਨ ਮਹਾਂ ਤਾਂ ਕੋ ਸੁਤ ਜਾਨੋ ਮੋਹਿ ਸਭਿ ਤੇ ਵਿਸ਼ੇਸ਼ ਹੈ।

ਸਿੱਖਨ ਅਧੀਨ ਤਿਮ ਮੋਕਉ ਚੀਨ ਲੋਹੁ ਚਿਤ,
ਪੰਥ ਕੇ ਰਚਨ ਕੋ ਹੁਕਮ ਜਗਤੇਸ਼ ਹੈ।

ਅਰਥਾਤ ਜਿਵੇਂ ਪਰਮੇਸ਼ੁਰ ਨਿਰਾਧਾਰ ਤੇ ਸ੍ਵਯੰ (ਆਪਣੇ) ਆਧਾਰ ਹੈ ਪਰ ਉਹ ਆਖਦਾ ਹੈ ਕਿ ਮੈਂ ਭਗਤਾਂ ਦੇ ਅਧੀਨ ਹਾਂ ਤਿਵੇਂ, ਮੈਂ ਉਸ ਦਾ ਪੁਤ੍ਰ ਸਿਖਾਂ ਦੇ ਅਧੀਨ ਹਾਂ।

ਪੰਚਾਂ ਨੇ ਹੁਣ ਵੀਚਾਰਿਆ ਕਿ ਚਾਹੋ ਸਾਡਾ ਗੁਰੂ ਨੂੰ ਅੰਮ੍ਰਿਤ ਛਕਾਉਣਾ ਬੇਅਦਬੀ ਹੈ, ਸਾਡੇ ਅਦਬ ਤੇ ਭਗਤੀ ਭਾਵ ਦੇ ਨੁਕਤੇ ਤੋਂ, ਪਰ ਗੁਰੂ ਕਾ ਹੁਕਮ ਸਿਰ ਧਰਨਾ ਬੀ ਸਾਡਾ ਧਰਮ ਹੈ। ਅਸੀਂ ਸੀਸ ਭੇਟ ਕਰ ਚੁਕੇ ਹਾਂ, ਅਸੀਂ ਮਰ ਚੁਕੇ ਹਾਂ, ਹੁਣ ਜੋ ਕੁਛ ਹੈ ਗੁਰੂ ਕਾ ਹੈ, ਇਨ੍ਹਾਂ ਸਰੀਰਾਂ ਨਾਲ ਜੋ ਸਾਡੇ ਨਹੀਂ ਗੁਰੂ ਜੋ ਚਾਹੇ ਸੋ ਕਰੇ, ਏਹ ਉਸ ਦੇ ਹਨ, ਇਸ ਕਰਕੇ ਹੁਣ ਜੋ ਕੁਛ ਕਰਨਾ ਹੈ ਕਾਠ ਦੀ ਪੁਤਲੀ ਦੇ ਖੇਲਾਵਨਹਾਰ ਦੇ ਹੱਥ ਵਿਚ ਕੌਤਕ ਮਾਤ੍ਰ ਹੈ। ਇਉਂ ਆਪਣੇ ਪੂਰਨ ਪ੍ਰੇਮ, ਪੂਰਨ ਆਪਾ ਵਾਰ ਭਾਵ ਤੇ ਭਗਤੀ ਦੀ ਅਵਧੀ ਦੇ ਆਸ਼ੇ ਨਾਲ ਉਠੇ ਤੇ ਪੂਰੇ ਨੂੰ ਪੂਰਾ ਕਰਨ ਵਾਸਤੇ ਪੂਰੇ ਦਾ ਹੁਕਮ ਬਜਾ ਲਿਆਂਦਾ। ਨਦੀਆਂ ਸਾਗਰ ਨੂੰ ਵਧਾ ਘਟਾ ਨਹੀਂ ਸਕਦੀਆਂ, ਉਹ ਪੂਰਨ ਹੈ ਪਰ ਨਦੀਆਂ ਉਸੇ ਵਿਚ ਪੈਂਦੀਆਂ ਹਨ, ਤਿਵੇਂ ਸਿਖ ਨਦੀਆਂ ਨੇ ਗੁਰੂ ਵਿਚ ਹੁਕਮ ਅਨੁਸਾਰ ਆਪਾ ਵਾਰਨ ਵਾਂਙ ਹੀ ਹੁਕਮ ਮੰਨ ਕੇ ਗੁਰੂ ਨੂੰ ਅੰਮ੍ਰਿਤ ਛਕਾਇਆ:

**ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮ ਤੇਰਾ ਤੁਹੀ ਚਵਰ ਢੋਲਾਰੇ ॥**

**ਕਿਸੇ ਪ੍ਰੇਮੀ ਨੇ ਪ੍ਰੇਮ ਹੁਲਾਸ ਵਿਚ ਜੈ ਕਾਰਾ ਗਜਾਇਆ**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।**

ਇਹ ਵਾਕ ਅਜ ਤਕ ਸਦੀਆਂ ਟੱਪਕੇ ਵੀ ਖ਼ਾਲਸੇ ਦੀ ਯਾਦ ਵਿਚ ਹੈ।

ਗੁਰੂ ਜੀ ਦਾ ਇਹ ਕੋਤਕ ਉਹਨਾਂ ਦੀ ਬਜ਼ੁਰਗੀ ਤੇ ਆਪਾ ਵਾਰ ਕੁਰਬਾਨੀ ਹੈ, ਜੋ ਉਨ੍ਹਾਂ ਨੇ ਆਪਣੇ ਸਾਰੇ ਜੀਵਨ ਵਿਚ ਆਪਣੇ ਪੰਥ ਲਈ, ਦੁਖੀ ਪ੍ਰਜਾ ਲਈ ਤੇ ਸ੍ਰਿਸ਼ਟੀ ਮਾਤ੍ਰ ਲਈ ਕੀਤਾ। ਇਸ ਦਾ ਇਹ ਭਾਵ ਨਹੀਂ ਕਿ ਅਸੀਂ ਗੁਸਤਾਖ਼ ਹੋ ਕੇ ਬਰਾਬਰੀ ਤੇ ਬੇਅਦਬੀ ਦੇ ਭਾਵ ਵਿਚ ਆ ਕੇ ਗੁਰੂ ਤੁੱਲਤਾ ਦਾ ਮਾਣ ਧਾਰੀਏ। ਗੁਰੂ ਅੰਮ੍ਰਿਤ ਛਕ ਕੇ ਫੇਰ ਤਖ਼ਤ ਤੇ ਜਾ ਬਿਰਾਜੇ, ਖ਼ਾਲਸਾ ਸਦਾ ਅਦਬ ਵਿਚ ਰਿਹਾ: ਗੁਰੂ ਸੱਚਾ ਪਿਤਾ ਰਿਹਾ ਅਜ ਤਾਈਂ ਗੁਰੂ ਤੇ ਸੱਚਾ ਪਿਤਾ ਤੇ ਸੱਚਾ ਪਾਤਸ਼ਾਹ ਆਖੀਦਾ ਹੈ, ਖ਼ਾਲਸਾ ਸਦਾ ਮੱਥਾ ਟੇਕਦਾ ਤੇ ਸਿਦਕ ਸ਼੍ਰਧਾ ਭਗਤੀ ਵਿਚ ਰਿਹਾ ਤਿਵੇਂ ਅਸਾਂ ਰਹਿਣਾ ਹੈ।

ਜਦੋਂ ਦਾਤਾ ਆਪ ਅੰਮ੍ਰਿਤ ਛਕਕੇ ਜਾ ਸਿੰਘਾਸਣ ਬੈਠਾ ਤਾਂ ਸੰਗਤ ਵਿਚ ਆਪ ਦਾ ਇਕ ਐਲਾਨ ਸੁਣਾਇਆ ਗਿਆ।

ਹੁਣ ਖ਼ਾਲਸਾ ਮੁਕੰਮਲ ਸਜ ਗਿਆ ਹੈ, ਕਲਗ਼ੀਆਂ ਵਾਲੇ ਪਾਤਸ਼ਾਹ ਨੇ ਖ਼ਾਲਸਾ ਦਾ ਆਦਰਸ਼ ਆਪ ਇਉਂ ਲਿਖਿਆ ਹੈ :-

**ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ ॥**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥**
**ਪੂਰਨ ਜੋਤ ਜਗੈ ਘਟ ਮਹਿ ਤਬ ਖਾਲਸਾ ਤਾਹਿ ਨਖਾਲਸ ਜਾਨੈ ॥**

ਜਦੋਂ ਇਹ ਖ਼ਾਲਸਾ ਮੂਰਤੀਮਾਨ ਹੋ ਗਿਆ ਤਾਂ ਕਵੀ ਸੈਨਾਪਤੀ ਜੀ ਆਨੰਦਪੁਰ ਸਨ, ਆਪ ਨੇ ਖ਼ਾਲਸਾ ਦੇ ਪ੍ਰਗਟ ਹੋ ਪੈਣ ਬਾਬਤ ਅੱਖੀਂ ਦੇਖ ਕੇ ਐਉਂ ਲਿਖਿਆ ਹੈ :-

**ਨਿਰਮਲ ਕਰ ਸੰਸਾਰ ਜਗਤ ਮੈਂ ਬਚਨ ਸੁਨਾਏ।**
**ਕੀਓ ਖ਼ਾਲਸਾ ਪ੍ਰਗਟ ਸੁਨਤਿ ਦੁਰਜਨ ਡਰ ਪਾਏ।**
**ਮੁਨਿ ਜਨ ਕਰਤ ਬਿਚਾਰ ਚਾਰ ਅਚਰਜ ਸੁਨਿ ਭਾਈ।**
**ਗੁਪਤ ਬਾਤ ਭਈ ਪ੍ਰਗਟਿ ਅੰਤ ਗੁਰਦੇਵ ਬਤਾਈ।**

ਪੁਨਾ-

**ਖ਼ਾਲਸਾ ਖਾਸ ਕਹਾਵੈ ਸੋਈ। ਜਾਂਕੇ ਹਿਰਦੇ ਭਰਮ ਨ ਹੋਈ।**
**ਭਰਮ ਭੇਖ ਤੇ ਰਹੈ ਨਿਆਰਾ। ਸੋ ਖ਼ਾਲਸਾ ਸਤਿਗੁਰੂ ਹਮਾਰਾ।**
**ਗੁਰੂ ਹਮਾਰਾ ਅਪਰ ਅਪਾਰਾ ਸ਼ਬਦ ਬਿਚਾਰਾ ਅਜਰ ਜਰੰ।**
**ਹਿਰਦੈ ਧਰ ਧਯਾਨੀ ਉਚਰੇ ਬਾਨੀ ਪਦ ਨਿਰਬਾਨੀ ਅਪਰ ਪਰੰ[2]।**

ਇਹ ਖ਼ਾਲਸਾ ਸਤਿਗੁਰੂ ਜੀ ਨੇ ਖੰਡੇ ਦਾ ਅੰਮ੍ਰਿਤ ਦੇ ਕੇ ਮੂਰਤੀਮਾਨ ਕੀਤਾ। ਇਸ ਪਰ ਸ੍ਰੀ ਸੈਨਾਪਤ ਜੀ ਆਪਣੀ ਅਖੀਂ ਦੇਖੀ ਹੋਈ ਸਾਖ ਐਉਂ ਭਰਦੇ ਹਨ :-

**ਖਾਂਡੇ ਕੀ ਪਾਹੁਲ ਦਈ ਕਰਨਹਾਰ ਪ੍ਰਭੁ ਸੋਇ ॥**
**ਕੀਓ ਦਸੋ ਦਿਸ ਖ਼ਾਲਸਾ ਤਾਂ ਬਿਨ ਅਵਰ ਨ ਕੋਇ ॥**

ਇਹ ਖ਼ਾਲਸਾ ਖੰਡੇ ਦਾ ਅੰਮ੍ਰਿਤ ਛਕ ਕੇ ਤੇਜਵਾਨ ਤੇ ਬਲਵਾਨ ਹੋ ਗਿਆ, ਸੈਨਾਪਤ ਜੀ ਲਿਖਦੇ ਹਨ--

**ਦੇ ਖਾਂਡੇ ਕੀ ਪਾਹੁਲ ਤੇਜ ਬਢਾਇਆ!**
**ਜ਼ੋਰਾਵਰ ਕਰ ਸਿੰਘ ਹੁਕਮ ਵਰਤਾਇਆ।**

ਸੈਨਾਪਤ ਜੀ ਦੱਸਦੇ ਹਨ ਕਿ ਖ਼ਾਲਸੇ ਨੂੰ ਮੂਰਤੀਮਾਨ ਕਰਕੇ ਗੁਰੂ ਜੀ ਨੇ ਰਹਿਤ ਐਉਂ ਦੱਸੀ-- ਕੀਏ ਜਦ ਬਚਨ ਸਤਿਗੁਰੂ ਕਾਰਨ ਕਰਨ ਸਰਬ ਸੰਗਤ ਆਦਿ ਅੰਤ ਮੇਰਾ ਖ਼ਾਲਸਾ। ਮਾਨੇਗਾ ਹੁਕਮ ਸੋ ਤੋ ਹੋਵੇਗਾ ਸਿੱਖ ਸਹੀ, ਨ ਮਾਨੇਗਾ ਹੁਕਮ ਸੋ ਤੋ ਹੋਵੇਗਾ ਬਿਹਾਲਸਾ। ਪਾਂਚ ਕੀ ਕੁਸੰਗਤ ਤਜਿ ਸੰਗਤ ਸੋਂ ਪ੍ਰੀਤ ਕਰੇ ਦਯਾ ਔਰ ਧਰਮ ਧਾਰ ਤਯਾਗੇ ਸਭ ਲਾਲਸਾ। ਹੁੱਕਾ ਨਹੀਂ ਪੀਵੇ, ਸੀਸ

---

੧. ਇਸ ਦਿਨ ਔਰੰਗਜ਼ੇਬ ਦੇ ਅਖ਼ਬਾਰ ਨਵੀਸ ਨੇ ਜੋ ਖ਼ਬਰ ਔਰੰਗਜ਼ੇਬ ਨੂੰ ਭੇਜੀ ਉਸ ਵਿਚ ਉਸ ਨੇ ਲਿਖਿਆ ਕਿ ੨੦੦੦੦ ਨੇ ਉਸ ਦਿਨ ਗੁਰੂ ਕੀ ਆਗਯਾ ਪਰਵਾਨ ਕਰ ਲਈ: ਅਰਥਾਤ ਅੰਮ੍ਰਿਤ ਛਕਿਆ ਦੇਖੋ ਸੰਪਾਦਿਤ ਗੁਰ ਪ੍ਰਤਾਪ ਸੂਰਜ ਗ੍ਰੰਥ ਸਫ਼ਾ ੪੯੯੮।

੨. ਖ਼ਾਲਸਾ ਵੈਸਾਖੀ ਵਾਲੇ ਦਿਨ ਸਾਜਿਆ ਸੈਨਾਪਤ ਜੀ ਲਿਖਦੇ ਹਨ-**ਚੇਤ ਮਾਸ ਬੀਤਤ ਸਕਲ ਸੇਲਾ ਭਯੋ ਅਪਾਰ। ਬੈਸਾਖੀ ਕੇ ਦਿਵਸ ਮੈਂ ਸਤਿਗੁਰ ਕੀਯੋ ਬਿਚਾਰ ॥੧੧੯॥ ਗੋਬਿੰਦ ਸਿੰਘ ਗੁਰਕੀ ਖੁਸ਼ੀ ਸੰਗਤ ਕਰੀ ਨਿਹਾਲ ॥ ਕਿਯੋ ਪ੍ਰਗਟ ਤਬ ਖਾਲਸਾ ਚੁਕਯੋ ਸਕਲ ਜੰਜਾਲ ॥੧੨੦॥ ਤਬ ਸਮੂਹ ਸੰਗਤ ਮਿਲੀ ਸ਼ੁਭ ਸਤੱਦ੍ਰਵ ਕੇ ਤੀਰ ॥ ਕੇਤਿਕ ਸੁਨ ਭਏ ਖ਼ਾਲਸਾ, ਕੇਤਿਕ ਭਏ ਅਧੀਰ ॥੧੨੧॥ ਤਜਿ ਮਸੰਦ ਪ੍ਰਭੁ ਏਕ ਜਪ, ਯਹਿ ਬਿਬੇਕ ਤਹਿ ਕੀਨ। ਸਤਿਗੁਰ ਸੋਂ ਸੇਵਕ ਮਿਲੇ ਨੀਰ ਮੱਧ ਜਯੋਂ ਮੀਨ ॥੧੨੨॥**

ਦਾੜ੍ਹੀ ਨ ਮੁੰਡਾਵੈ, ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖ਼ਾਲਸਾ।

ਫੇਰ ਆਪ ਦੱਸਦੇ ਹਨ ਕਿ ਖ਼ਾਲਸਾ ਦੇ ਆਦਰਸ਼ ਵਿਚ ਪਰਮੇਸ਼ੁਰ ਜੀ ਦਾ ਭਜਨ ਇਕ ਮੁੱਖ ਅਸੂਲ ਸਾਹਿਬ ਜੀ ਨੇ ਦ੍ਰਿੜ੍ਹ ਕੀਤਾ ਸੀ--

**ਜਿਨ ਉਪਜਤਿ ਨਾਮ ਧੁਨਿ ਤਿਨ ਜਨ ਨਿਰਮਲ ਰੀਤਿ।**
**ਭਜਿ ਗੋਬਿੰਦ ਭਏ ਖਾਲਸਾ ਜਿਨ ਅੰਤਰਿ ਪਰਤੀਤਿ।**

ਪੁਨਾ--

**ਜਹਿ ਦੂਤਨ ਕੋ ਤ੍ਰਾਸ ਪਰਤ ਜਮ ਜਾਲਸਾ।**
**ਸਾਚਾ ਨਾਮ ਪੁਨੀਤ ਓਟ ਭਈ ਢਾਲਸਾ।**
**ਬਿਨਸੇ ਸਗਲ ਕਲੇਸ਼ ਗਯੋ ਜੰਜਾਲਸਾ।**
**ਚੂਕਿਓ ਆਵਨ ਜਾਨ ਮਿਟੀ ਸਭ ਲਾਲਸਾ।**
**ਖਾਲਸ ਜਪ ਗੋਬਿੰਦ ਭਯੋ ਹੈ ਖ਼ਾਲਸਾ।**

ਖ਼ਾਲਸੇ ਦੀ ਕਮਾਈ, ਜੋ ਸਤਿਗੁਰ ਜੀ ਨੇ ਦੱਸੀ, ਸੈਨਾਪਤ ਜੀ ਨੇ ਐਉਂ ਲਿਖੀ ਹੈ,

**ਬਚਨ ਕੀਓ ਕਰਨਹਾਰ, ਸੰਤਨ ਕੀਓ ਬਿਚਾਰ,**
**ਸੁਪਨੇ ਸੰਸਾਰ ਜਾਨ ਕਾਹੇ ਲਪਟਾਈਐ।**
**ਬਿਖਿਅਨ ਸੌਂ ਤਜ ਸਨੇਹ ਸਤਿਗੁਰ ਕੀ ਸਿੱਖ ਲੇਹਿ,**
**ਬਿਨਸੈ ਛਿਨ ਮਾਂਹਿ ਦੇਹਿ ਜਮਪੁਰਿ ਨ ਜਾਈਐ।**
**ਸੀਸ ਨ ਮੁੰਡਾਵੇ ਮੀਤ, ਹੁੱਕਾ ਤਜਿ ਰੀਤਿ,**
**ਮਨ ਮੈਂ ਕਰਿ ਪ੍ਰੇਮ ਪ੍ਰੀਤਿ, ਸੰਗਤ ਮੇਂ ਜਾਈਐ।**
**ਜੀਵਨ ਦਿਨ ਚਾਰ ਸਮਝ ਦੇਖਿ, ਬੂਝਿ, ਮਨ ਵਿਚਾਰ,**
**ਵਾਹਿਗੁਰੂ ਗੁਰੂ ਜੀ ਕਾ ਖ਼ਾਲਸਾ ਕਮਾਈਐ।**

ਅਜ ਖ਼ਾਲਸਾ ਦੇ ਅਰਥ ਕੇਵਲ ਇਕ ਸਿਖ ਜਾਂ ਸਮੂਹ ਪੰਥ ਦਾ ਲਿਆ ਜਾਂਦਾ ਦਿੱਸਦਾ ਹੈ, ਪਰ ਖ਼ਾਲਸਾ ਇਕ ਅਮੁੱਕ ਅਰਥਾਂ ਵਾਲਾ ਆਦਰਸ਼ ਹੈ। ਉੱਚੇ ਸੁੱਚੇ ਗੁਰਮੁੱਖ ਸਿੱਖ ਦਾ ਜੋ ਵਾਹਿਗੁਰੂ ਨਾਲ ਹਜ਼ੂਰੀ ਵਾਸ ਰੱਖਦਾ, ਪਵਿੱਤ੍ਰਤਾ, ਧਰਮ, ਨੇਕੀ, ਉਪਕਾਰ ਤੇ ਇਖ਼ਲਾਕ ਦੀ ਮੂਰਤੀ ਹੈ। ਹਰੇਕ ਅੰਮ੍ਰਿਤਧਾਰੀ ਸਿਖ ਜੋ ਰਹਤਵਾਨ ਤੇ ਭਜਨਵਾਨ ਤੇ ਇਖ਼ਲਾਕਵਾਨ ਹੈ, ਖ਼ਾਲਸਾ ਹੈ। ਪਰ ਖ਼ਾਲਸਾ ਪੰਥ ਬੀ ਹੈ। ਸਾਰੇ ਪੰਥ ਨੂੰ ਬੀ ਖ਼ਾਲਸਾ ਕਹੀਦਾ ਹੈ। ਖ਼ਾਲਸਾ ਗੁਰੂ ਹੈ ਦੇਖੋ, ਅੱਜ ਗੁਰੂ ਅੰਮ੍ਰਿਤ ਧਾਰਨ ਕਰਕੇ ਖ਼ਾਲਸਾ ਹੈ ਖ਼ਾਲਸਾ ਆਦਰਸ਼ਕ ਇਨਸਾਨ ਹੈ। ਜਿਸ ਦਾ ਕੰਮ ਹੈ ਹਰੇਕ ਨੂੰ ਖ਼ਾਲਸਾ ਬਨਾਉਣਾ। ਖ਼ਾਲਸਾ ਇਕ ਸਫੁਰਨ ਮੰਤ੍ਰ ਹੈ, ਇਕ ਜੀਉਂਦੀ ਸਤਯਾ ਹੈ, ਜਿਸ ਵਿਚ ਆਪਾ ਵਾਰ ਕੁਰਬਾਨੀ ਦਾ ਜ੍ਵਾਲਾ ਭਰਿਆ ਪਰਬਤ ਹਰ ਵੇਲੇ ਦਮਕਦਾ ਰਹਿੰਦਾ ਹੈ। ਖ਼ਾਲਸੇ ਦੇ ਹਿੱਤ ਵਿਚ ਹਰ ਇਕ ਖ਼ਾਲਸਾ ਲਈ ਸਭ ਤੋਂ ਵਧੀਆ ਪਿਆਰ ਤੇ ਕੁਰਬਾਨੀ ਦਾ ਮਾਦਾ, ਸਦਕੇ ਹੋਣ ਦਾ ਚਾਉ ਅਤੇ ਆਪਾ ਨੁਛਾਵਰ ਕਰ ਦੇਣ ਦਾ ਅਮਿਟ ਉਮਾਹ ਰਹਿੰਦਾ ਸੀ। ਖ਼ਾਲਸਾ ਕਹਿਣ ਨਾਲ ਹਰ ਖ਼ਾਲਸੇ ਵਿਚ ਇਕ ਝਰਨਾਟ ਛਿੜਦੀ ਸੀ ਪਿਆਰ ਦੀ ਹਰ ਇਕ ਦੂਜੇ ਲਈ, ਜੋ ਅਖਵਾਉਂਦਾ ਸੀ ਖ਼ਾਲਸਾ। ਜਦੋਂ ਵੰਗਾਰ ਪੈਂਦੀ ਸੀ ਖ਼ਾਲਸਾ ਲਈ: ਆਹ ਕੁਛ ਕਰਨਾ ਹੈ ਤਦ ਭੀੜ ਪੈਂਦੀ ਸੀ ਪਰਵਾਨਿਆਂ (ਭੰਬਟਾਂ) ਦੀ ਜੋਤਿ ਉੱਤੇ ਤੇ ਜੋਤਿ ਨੂੰ ਮੁਸ਼ਕਲ ਹੋ ਜਾਂਦੀ ਸੀ ਐਨੀਆਂ ਸ਼ਹਾਦਤਾਂ ਨੂੰ ਇੰਨੀ ਛੇਤੀ ਕਬੂਲ ਕਰਦਿਆਂ। ਸਮੇਂ ਯਾ ਦੇਸ਼ਾਂ ਦੀ ਵਿੱਥ ਖ਼ਾਲਸੇ ਵਿਚ ਕੋਈ ਵਿੱਥ ਨਹੀਂ ਸੀ। ਜਿੰਨਾ ਕੁਛ ਖ਼ਾਲਸੇ ਦੇ ਅਰਥ ਵਿਚ ਕਿਹਾ ਜਾਵੇ ਉਹ ਕੁਛ ਨਹੀਂ ਦਸ ਸਕਦਾ ਜੋ ਕੁਛ ਕਿ ਅਮਲ ਵਿਚ, ਕਰਨੀ ਵਿਚ, ਰਹਿਣੀ ਵਿਚ ਪ੍ਰਤੱਖ ਨਮੂਨੇ ਵਿਚ ਖ਼ਾਲਸਾ ਹੋ ਚੁੱਕਾ ਹੈ ਤੇ ਅਜੇ ਵੀ ਦਮਕਾਂ ਮਾਰਨੋਂ ਨਹੀਂ ਟਲਦਾ। 'ਵਾਹਿਗੁਰੂ ਪ੍ਰੇਮ' ਅਰਥਾਤ ਨਾਮ ਵਿਚ ਲਿਵ, ਹਿਰਦੇ ਦੀ ਪਵਿੱਤ੍ਰਤਾ ਉੱਚਾ ਆਚਰਣ, ਨਿਰਭੈਤਾ, ਚੜ੍ਹਦੀਆਂ ਕਲਾਂ, ਕੌਮੀ ਭਰਾਵਾਂ ਲਈ ਪਯਾਰ, ਕੁਰਬਾਨੀ, ਸਦਕੇ ਹੋਣ ਦਾ ਮਲ੍ਹਾਰ ਤੇ ਚਾਉ, ਸੁਖ ਦੇਣ ਦੀ ਖੁਸ਼ੀ, ਫੇਰ ਸੇਵਾ ਕਰਕੇ ਖੁਸ਼ੀ, ਫੇਰ ਸੇਵਾ ਕਰਕੇ ਸਫਲ ਹੋ ਗਿਆ ਦਾ ਭਾਵ ਇਹ ਸਾਰਾ ਅਰਥ ਤ੍ਰੈ ਅੱਖਰੇ 'ਖ਼ਾਲਸਾ' ਵਿਚ ਸ਼ਾਮਲ, ਅਮਲ ਵਿਚ, ਤੇ ਵਰਤੋਂ ਵਿਚ। ਜਿਥੇ ਖ਼ਾਲਸਾ ਹੈ ਇਨਾਂ ਕੁਛ ਕਹਿਕੇ ਖ਼ਾਲਸਾ ਦਾ ਅਰਥ ਫੇਰ ਬਾਕੀ ਹੈ। ਇਹ ਇਕ ਫ਼ਕੀਰੀ ਰਮਜ਼ ਸੀ ਜੋ-- ਗਰੀਬੀ ਵਿਚ ਸ਼ਖ਼ਸੀ ਤੇ ਕੌਮੀ ਹਾਲਤ ਵਿਚ, ਆਪਣੇ ਆਪ ਨੂੰ ਪਵਿਤ੍ਰਤਾ ਕੁਰਬਾਨੀ ਤੇ ਪਿਆਰ ਵਿਚ ਪ੍ਰਕਾਸ਼ਦੀ ਹੋਈ, ਅਜੇ ਹੋਰ ਹੈ ਤੇ ਹੋਸੀ ਦੀ--ਅਣਡਿੱਠੇ ਜਗਤ ਵਿਚ ਲਿਵ ਦੀ ਤਾਰ ਲਵਾਈ ਰੱਖਦੀ ਸੀ। ਇਕ ਖ਼ਾਲਸੇ ਨੂੰ ਪ੍ਰਸ਼ਾਦ ਛਕਾ ਕੇ ਭਾਵ ਐਉਂ ਉਛਲਦਾ ਸੀ ਕਿ ਕਲਗੀਆਂ ਵਾਲੇ ਤੇ ਅਕਾਲ ਪੁਰਖ ਨੇ ਪ੍ਰਸ਼ਾਦ ਪਾਇਆ ਹੈ ਤੇ ਛਕਾਉਣਹਾਰ ਕ੍ਰਿਤ ਕ੍ਰਿਤ ਹੋਇਆ ਹੈ। ਧਨ, ਧਾਮ, ਪੁੱਤ੍ਰ, ਸਰਬੰਸ ਹਰ ਵੇਲੇ ਖ਼ਾਲਸੇ ਦਾ ਸਮਝਿਆ ਜਾਂਦਾ ਸੀ। ਅੰਦਰ ਨਾਮ ਦਾ ਨਿਵਾਸ ਤੇ ਉਸ ਆਸਰੇ ਚੜ੍ਹਦੀਆਂ ਕਲ੍ਹਾਂ ਦਾ ਪ੍ਰਭਾਵ, ਪਾਪ ਤੇ ਬਦੀ ਅਗੇ ਅਝੁਕਤਾ, ਫਤਹ ਦਾ ਨਿਸ਼ਚਾ, ਆਪਣੇ ਆਪ ਤੇ ਭਰੋਸਾ, ਹਰ ਸ਼ੈ ਤੇ ਹਰ ਵਜੂਦ ਤੇ ਹਾਵੀ ਹੋਣਾ, ਇਹ ਖ਼ਾਲਸਾ ਹੋਣ ਦੇ ਸੁਤੇ ਭਾਵ ਸਨ ਤੇ ਹਨ।

ਖ਼ਾਲਸਾ ਕਹਿੰਦਿਆਂ ਸਾਰੇ ਹੋ ਚੁੱਕੇ ਇਤਿਹਾਸ ਹਠਾਂ, ਤਪਾਂ, ਜਪਾਂ ਕਰਨੀਆਂ ਸ਼ਹੀਦੀਆਂ, ਕੁਰਬਾਨੀਆਂ, ਫਤਹਯਾਬੀਆਂ ਦੇ ਸਾਕੇ ਅੱਖਾਂ ਵਿਚ ਫਿਰ ਜਾਂਦੇ ਹਨ ਤੇ ਰੂਹ ਫੂਕ ਕੇ ਜੀਉਂਦਾ ਕਰ ਜਾਂਦੇ ਹਨ। ਖ਼ਾਲਸਾ ਵਾਹਿਗੁਰੂ ਦਾ ਹੈ ਤੇ ਫਤਹ ਵਾਹਿਗੁਰੂ ਦੀ ਹੈ, ਸੋ ਫ਼ਤਹ ਖ਼ਾਲਸੇ ਦੀ ਹੈ।

❑❑❑

# ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ ਸਿੰਘ ਸਭਾ ਲਹਿਰ ਦੀ ਮੁੜ ਲੋੜ

*-ਤਰਲੋਚਨ ਸਿੰਘ**

ਪ੍ਰਸਿੱਧ ਇਤਿਹਾਸਕਾਰ ਸ:ਖੁਸ਼ਵੰਤ ਸਿੰਘ ਨੇ ਆਪਣੀ ਰਚਨਾ "ਸਿੱਖਾਂ ਦਾ ਇਤਿਹਾਸ" ਵਿਚ ਪੰਨਾ 81-82 ਉਪਰ ਜਨਰਲ ਥੈਕਵੈਲ ਦੇ ਹਵਾਲੇ ਨਾਲ ਇਕ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ 1849 ਈ: ਨੂੰ ਗੁਜਰਾਤ ਦੀ ਜੰਗ ਹਾਰਨ ਤੋਂ ਬਾਅਦ ਇਕ ਚਿੱਟ ਦਾੜੀਏ ਸਿੱਖ ਫੌਜੀ ਨੇ ਹੰਝੂਆਂ ਭਰੀਆਂ ਅੱਖਾਂ ਨਾਲ ਧਾਹ ਮਾਰ ਕੇ ਆਖਿਆ ਕਿ ਅੱਜ ਸਹੀ ਅਰਥਾਂ ਵਿਚ ਰਣਜੀਤ ਸਿੰਘ ਮਰ ਗਿਆ ਹੈ। ਇਸ ਫੌਜੀ ਸਿੱਖ ਦੀ ਭਵਿੱਖ ਬਾਣੀ 29 ਮਾਰਚ 1849 ਈ: ਨੂੰ ਉਸ ਸਮੇਂ ਸੱਚ ਸਾਬਤ ਹੋ ਗਈ ਜਦੋਂ ਅੰਗ੍ਰੇਜ਼ਾਂ ਨੇ ਲਾਹੌਰ ਦੇ ਸ਼ਾਹੀ ਕਿਲੇ ਤੋਂ ਖਾਲਸਈ ਨਿਸ਼ਾਨ ਸਾਹਿਬ ਉਤਾਰ ਕੇ ਅੰਗ੍ਰੇਜ਼ੀ ਝੰਡਾ ਲਹਿਰਾਉਂਦਿਆਂ 'ਖਾਲਸਾ-ਰਾਜ' ਦੀ ਸਮਾਪਤੀ ਦਾ ਐਲਾਨ ਕਰ ਦਿਤਾ। ਇਹ ਨਵੀਂ ਰਾਜਸੀ ਤਬਦੀਲੀ ਸਮੁਚੀ ਸਿੱਖ ਕੌਮ ਲਈ ਅਸਹਿ ਤੇ ਪ੍ਰਸ਼ਾਨੀ ਦਾ ਕਾਰਨ ਬਣੀ ਖਾਸ ਤੌਰ ਤੇ ਖਾਲਸਾ ਫੌਜ ਦੇ ਫੌਜੀਆਂ, ਕਰਮਚਾਰੀਆਂ, ਵਪਾਰੀਆਂ ਤੇ ਕਿਰਸਾਨਾਂ ਲਈ। ਸਮੇਂ ਦੇ ਮੁਖ ਹਾਕਮ ਲਾਰਡ ਡਲਹੌਜੀ ਨੇ ਵੀ ਪ੍ਰਸ਼ਾਸ਼ਨਿਕ ਦ੍ਰਿਸ਼ਟੀ ਤੋਂ ਇਸ ਪ੍ਰੇਸ਼ਾਨੀ ਨੂੰ ਮਹਿਸੂਸ ਕੀਤਾ ਅਤੇ ਲੋਕ-ਵਿਸ਼ਵਾਸ਼ ਪ੍ਰਾਪਤ ਕਰਨ ਲਈ ਇਕ ਤਿੰਨ ਮੈਂਬਰੀ ਬੋਰਡ ਨਿਯੁਕਤ ਕੀਤਾ। ਇਸ ਬੋਰਡ ਨੇ ਨਵੀਆਂ ਪਰਸਥਿਤੀਆਂ ਸਨਮੁਖ ਚੰਗੇ ਸ਼ਾਸ਼ਨ ਲਈ ਨਿਪੁੰਨਤਾ ਦੀ ਥਾਂ ਤਾਕਤ ਨੂੰ ਪਹਿਲ ਦਿਤੀ ਤਾਂ ਜੋ ਲੋਕਾਂ ਵਿਚ ਸਹਿਮ ਦੀ ਭਾਵਨਾ ਪੈਦਾ ਕਰਦਿਆਂ ਉਨ੍ਹਾਂ ਨੂੰ ਰਾਜ-ਪ੍ਰਸਤ ਬਣਨ ਲਈ ਮਜ਼ਬੂਰ ਕੀਤਾ ਜਾ ਸਕੇ। ਇਸ ਨੀਤੀ ਤਹਿਤ ਉਨ੍ਹਾਂ ਨੇ ਖਾਲਸਾ ਫੌਜ ਦੇ ਫੌਜੀਆਂ ਨੂੰ ਨਿਹਥਾ ਕਰਕੇ ਨੌਕਰੀ ਤੋਂ ਫਾਰਗ ਕਰਦਿਆਂ ਖਾਲੀ ਥਾਵਾਂ ਤੇ ਉਹ ਵਿਅਕਤੀ ਨਿਯੁਕਤ ਕੀਤੇ ਜੋ ਅੰਗ੍ਰੇਜ਼-ਭਗਤ ਸਨ। ਏਥੇ ਹੀ ਬਸ ਨਹੀਂ ਇਹਨਾਂ ਨੇ ਆਪਣੀ ਕੂਟਲ ਨੀਤੀ ਦੇ ਅੰਤਰਗਤ ਆਮ ਲੋਕਾਂ ਨੂੰ ਚੰਗਾ ਪ੍ਰਭਾਵ ਦੇਣ ਲਈ ਉਨ੍ਹਾਂ ਦੇ ਧਾਰਮਿਕ ਤੇ ਸਮਾਜਿਕ ਕਾਰਜਾਂ ਵਿਚ ਸਿਧਾ ਦਖਲ ਦੇਣ ਤੋਂ ਤਾਂ ਸੰਕੋਚ ਕੀਤਾ ਪਰ ਨਾਲ ਹੀ ਪੁਜਾਰੀਆਂ, ਵਪਾਰੀਆਂ ਅਤੇ ਸਮਾਜਿਕ ਆਗੂਆਂ ਨੂੰ ਆਪਣੇ ਨਾਲ ਜੋੜਨ ਲਈ ਸਹੂਲਤਾਂ ਦੇ ਗਫ਼ੇ ਵੰਡਣੇ ਸ਼ੁਰੂ ਕਰ ਦਿਤੇ। ਸਿਟਾ ਇਹ ਨਿਕਲਿਆ ਕਿ ਗੁਰਦੁਆਰੇ, ਮੰਦਰ, ਮਸਜਦਾਂ ਦੇ ਮੁੱਖੀ ਅੰਗ੍ਰੇਜ਼ ਪ੍ਰਸਤ ਬਣ ਗਏ। ਬਾਹਰੋਂ ਉਹ ਆਪੋ ਆਪਣੇ ਧਰਮ ਦੀ ਦਿਖ ਵਾਲੇ ਸਨ ਪਰ ਅੰਦਰ ਖਾਤੇ ਈਸਾਈ-ਮਤ ਦੇ ਪ੍ਰਚਾਰਕ ਬਣ ਗਏ ਸਨ।

ਇਸ ਸਮੇਂ ਈਸਾਈ ਪਾਦਰੀਆਂ ਨੂੰ ਪ੍ਰਚਾਰ ਕਰਨ ਦੀ ਪੂਰੀ ਖੁਲ ਸੀ। ਖਾਲਸਾ-ਪ੍ਰਸਤ ਸਰਦਾਰਾਂ ਦੀਆਂ ਜਮੀਨਾਂ ਜਾਇਦਾਤਾਂ ਜ਼ਬਰੀ ਖੋਹਕੇ ਉਥੇ ਗਿਰਜਾ-ਘਰ ਤੇ ਈਸਾਈ ਮਿਸ਼ਨਰੀ ਸਕੂਲ ਖੋਹਲੇ ਜਾਣ ਲਗੇ ਅਤੇ ਆਮ ਲੋਕਾਂ ਨੂੰ ਵੀ ਉਥੇ ਦਾਖਲਾ ਮਿਲਣ ਲਗਿਆ। ਸਮਾਜ ਦਾ ਉਹ ਵਰਗ ਜੋ ਸਮਾਜ ਵਲੋਂ ਅਛੂਤਾ ਗਰਦਾਨਕੇ ਘਿਰਣਾ ਦਾ ਪਾਤਰ ਬਣਿਆ ਹੋਇਆ ਸੀ ਨੂੰ ਇਨ੍ਹਾਂ ਪਾਦਰੀਆਂ ਨੇ ਪ੍ਰਚਾਰ ਤੇ ਪ੍ਰੇਰਨਾ ਰਾਹੀਂ ਈਸਾਈ ਧਰਮ ਵਿਚ ਨਾਲ ਜੋੜਦਿਆਂ ਅਤੇ ਸਹੂਲਤਾਂ ਦੇ ਪਟਾਰੇ ਨਾਲ ਉਨ੍ਹਾਂ ਦਾ ਸਮਾਜਿਕ ਰੁਤਬਾ ਉਚਾ ਕਰ ਦਿਤਾ। ਨਵੇਂ ਬਣੇ ਇਨ੍ਹਾਂ ਈਸਾਈਆਂ ਦੀ ਚੰਗੀ ਆਰਥਿਕ ਦਸ਼ਾ ਤੇ ਦਿਖ ਦੇਖ ਕੇ, ਨੌਕਰੀਆਂ ਅਤੇ ਰਾਜ ਪ੍ਰਬੰਧ ਵਿਚ ਵਿਸ਼ੇਸ਼ ਪਹਿਲ ਕਾਰਨ ਮਧ ਵਰਗੀ ਲੋਕ ਈਸਾਈ ਧਰਮ ਵਲ ਪ੍ਰੇਰਤ ਹੋਣ ਲਗ ਪਏ।

ਇਸ ਸਮਾਜਿਕ ਤੇ ਆਰਥਿਕ ਤਬਦੀਲੀ ਨੂੰ ਮਹਿਸੂਸ ਕਰਦਿਆਂ ਕੁੱਝ ਸਿੱਖ ਘਰਾਣਿਆਂ ਦੇ ਬਚਿਆਂ ਨੇ ਕੇਸ ਕਤਲ ਕਰਵਾ ਕੇ ਈਸਾਈ ਧਰਮ ਵਿਚ ਪ੍ਰਵੇਸ਼ ਕਰਨ ਦਾ ਮਨ ਬਣਾ ਲਿਆ। ਡਾ: ਗੰਡਾ ਸਿੰਘ ਦੀ ਪੁਸਤਕ "ਖਾਲਸਾ ਕਾਲਜ ਦਾ ਇਤਿਹਾਸ" ਅਨੁਸਾਰ ਇਹ ਚਾਰ ਸਿੱਖ ਬਚੇ ਸਨ (1) ਆਇਆ ਸਿੰਘ (2) ਅਤਰ ਸਿੰਘ (3) ਸਾਧੂ ਸਿੰਘ ਅਤੇ (4) ਸੰਤੋਖ ਸਿੰਘ। ਉਸ ਸਮੇਂ ਇਹ ਖਬਰ ਵੀ ਸੰਨਾਟਾ ਪੈਦਾ ਕਰ ਗਈ ਕਿ ਕਪੂਰਥਲੇ ਦੇ ਸਿੱਖ ਰਾਜੇ ਦਾ ਭਰਾ ਕੰਵਰ ਹਰਨਾਮ ਸਿੰਘ ਵੀ ਪਤਤ ਹੋ ਕੇ ਈਸਾਈ ਮਤ ਦਾ ਧਾਰਨੀ ਹੋ ਗਿਆ ਹੈ। ਇਸ ਘਟਨਾ ਨੇ ਚਾਰ ਸਿੱਖ ਸਰਦਾਰਾਂ ਦੀ ਅਣਖ ਨੂੰ ਵੰਗਾਰਿਆ ਤੇ ਉਹਨਾਂ ਚਾਰਾਂ ਸ: ਠਾਕਰ ਸਿੰਘ ਸੰਧਾਵਾਲੀਏ, ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਕਪੂਰਥਲਾ ਤੇ ਗਿਆਨੀ ਗਿਆਨ ਸਿੰਘ ਨੇ 30 ਜੁਲਾਈ 1873 ਨੂੰ ਇਕ ਮੀਟਿੰਗ ਅੰਮ੍ਰਿਤਸਰ ਵਿਚ ਕੀਤੀ ਤੇ ਉਸ ਦੇ ਫਲਸਰੂਪ ਸਿੰਘ ਸਭਾ ਨਾਮ ਦੀ ਸੰਸਥਾ ਬਣਾਨ ਦੀ ਪਹਿਲ ਕੀਤੀ। ਅਗਲੀ ਮੀਟਿੰਗ ਸ੍ਰੀ ਅਕਾਲ ਤਖਤ ਦੇ ਸਾਹਮਣੇ 1 ਅਗਸਤ 1873 ਨੂੰ ਕਰਕੇ ਸ: ਠਾਕਰ ਸਿੰਘ ਨੂੰ ਪ੍ਰਧਾਨ ਤੇ ਗਿਆਨੀ ਗਿਆਨ ਸਿੰਘ ਨੂੰ ਜਨਰਲ ਸਕੱਤਰ ਚੁਣ ਲਿਆ। ਇਹ ਇਤਿਹਾਸਕ ਫੈਸਲਾ ਸਿੱਖ ਕੌਮ ਨੂੰ ਆਪਣੀ ਹੋਂਦ ਬਰਕਰਾਰ ਰਖਣ ਵਿਚ ਸਹਾਈ ਹੋਇਆ। 1873 ਤੋਂ ਲੈ ਕੇ 1877 ਈ: ਤਕ ਕਾਇਮ ਹੋਈ ਇਸ ਨਵੀਂ ਸਿੱਖ ਸੰਸਥਾ ਸਿੰਘ ਸਭਾ ਨੇ ਬੜੇ ਹੀ ਸਟੀਕ ਢੰਗ ਨਾਲ ਨਵੀਆਂ ਪਰਸਥਿਤੀਆਂ ਦੇ ਅਨਕੂਲ ਵਡੇ ਪੈਮਾਨੇ ਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਸਿੰਘ ਸਭਾ ਦੇ ਇਹ ਸਾਰੇ ਆਗੂ ਕੀਰਤਨੀ ਜਥਿਆਂ, ਢਾਡੀਆਂ ਅਤੇ ਪ੍ਰਚਾਰਕਾਂ ਨਾਲ ਪਿੰਡਾਂ ਵਿਚ ਫੈਲ ਗਏ। ਇਨ੍ਹਾਂ ਨੇ ਪਿੰਡਾਂ ਵਿਚ ਧਰਮਸ਼ਾਲਾਵਾਂ ਖੋਹਲੀਆਂ ਅਤੇ ਗੁਰਦੁਆਰਿਆਂ ਅੰਦਰ ਗ੍ਰੰਥੀ ਸਿੰਘਾਂ ਦੀ ਮਦਦ ਨਾਲ ਗੁਰਮੁਖੀ ਲਿਪੀ ਰਾਹੀਂ ਵਿਦਿਆ ਦਾ ਪ੍ਰਚਾਰ ਆਰੰਭ ਕਰ

* ਸਾਬਕਾ ਐਮ.ਪੀ. ਤੇ ਚੇਅਰਮੈਨ ਨੈਸ਼ਨਲ ਮਿਨਾਰਟੀ ਕਮਿਸ਼ਨ, ਭਾਰਤ ਸਰਕਾਰ।

ਦਿਤਾ। 1877 ਵਿਚ ਇਹਨਾਂ ਦੀ ਹਿੰਮਤ ਨਾਲ ਹੀ ਓਰੀਐਂਟਲ ਕਾਲਜ ਲਾਹੌਰ ਵਿਚ ਪੰਜਾਬੀ ਬੋਲੀ ਨੂੰ ਥਾਂ ਮਿਲੀ ਸੀ। ਫਿਰ 2 ਨਵੰਬਰ 1879 ਨੂੰ ਸਿੰਘ ਸਭਾ ਪੂਰਨ ਤੌਰ ਤੇ ਸਾਰੇ ਪੰਜਾਬ ਵਿਚ ਸਥਾਪਤ ਹੋ ਗਈ ਸੀ, ਉਸ ਸਮੇਂ ਵਿਦਿਆ ਦੇ ਪਸਾਰ ਲਈ 11 ਅਪ੍ਰੈਲ 1881 ਨੂੰ ਸਿੰਘ ਸਭਾ ਜਨਰਲ ਬਣਾਈ ਗਈ। ਜਿਸ ਨੇ ਚੀਫ਼ ਖ਼ਾਲਸਾ ਦੀਵਾਨ ਦਾ ਨਾਂ ਰੱਖ ਕੇ ਵੱਡੀ ਸੇਵਾ ਦਾ ਕੁੰਭ ਅਰੰਭ ਕੀਤਾ ਸੀ। ਇਸ ਸੁਸਾਇਟੀ ਨੇ 'ਨਿਰਗੁਣੀਆਰਾ' ਨਾਮਕ ਪੱਤਰ ਆਰੰਭ ਕਰਕੇ ਭਾਈ ਵੀਰ ਸਿੰਘ ਜੀ ਨੇ ਆਪਣੀ ਕਲਮ ਨਾਲ ਗੁਰਮਤਿ ਸਿਧਾਤਾਂ, ਗੁਰ ਇਤਿਹਾਸ, ਸਿੱਖ ਸਭਿਆਚਾਰ ਆਦਿ ਦਾ ਪ੍ਰਚਾਰ ਲਿਖਤੀ ਰੂਪ ਵਿਚ ਸਮੇਂ ਦੇ ਅਨੁਕੂਲ ਮੁਹਾਵਰੇ ਵਿਚ ਘਰ ਘਰ ਪਹੁੰਚਾਇਆ। ਇਹ ਪੱਤਰ ਨਿਰੰਤਰ ਛਪ ਰਿਹਾ ਹੈ ਅਤੇ ਇਸ ਦੇ ਹੁਣ ਤਕ 1713 ਅੰਕ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਸੁਚੱਜੇ ਕਾਰਜ ਲਈ ਚੀਫ਼ ਖ਼ਾਲਸਾ ਦੀਵਾਨ ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। 1894 ਵਿੱਚ ਭਾਈ ਵੀਰ ਸਿੰਘ ਜੀ ਨੇ ਸਿੱਖ ਪ੍ਰਚਾਰ ਲਈ ਸਿੱਖ ਟਰੈਕਟ ਸੁਸਾਇਟੀ ਅਰੰਭ ਕੀਤੀ ਸੀ। ਏਥੇ ਹੀ ਬਸ ਨਹੀਂ ਇਹਨਾਂ ਸਿੱਖ ਸਰਦਾਰਾਂ ਦੀ ਹਿੰਮਤ ਨਾਲ 1892 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਬਣਾਨ ਦਾ ਫੈਸਲਾ ਹੋਇਆ ਜਿਸ ਵਿਚ 1897 ਈ: ਤੋਂ ਕਾਲਜ ਵਿਚ ਬਾ-ਕਾਇਦਾ ਕਲਾਸਾਂ ਆਰੰਭ ਹੋ ਗਈਆਂ। ਉਦੇਸ਼ ਤੇ ਟੀਚੇ ਸਾਂਝੇ ਹੋਣ ਕਾਰਨ ਇਸ ਸਮੇਂ ਕਾਰਜ ਕਰ ਰਹੀਆਂ ਸਿੱਖ ਜਥੇਬੰਦੀਆਂ ਨੇ ਏਕਤਾ ਤੇ ਇਕਸੁਰਤਾ ਬਣਾਉਣ ਲਈ ਇਕ ਸਾਂਝਾ ਪਲੇਟ ਫਾਰਮ ਬਣਾਉਣ ਦੀ ਲੋੜ ਮਹਿਸੂਸ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਕੀਤੀ ਜਿਸ ਨੇ 30 ਅਕਤੂਬਰ 1902 ਤੋਂ ਪੂਰਨ ਤੌਰ ਤੇ ਕਾਰਜ ਕਰਨਾ ਆਰੰਭ ਕਰ ਦਿਤਾ ਜਿਸ ਦੇ ਪਹਿਲੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆ ਬਣੇ ਸਨ। ਚੀਫ਼ ਖ਼ਾਲਸਾ ਦੀਵਾਨ ਨੇ ਧਾਰਮਿਕ, ਸਮਾਜਿਕ, ਵਿਦਿਅਕ, ਖੇਡਾਂ ਅਤੇ ਸਾਹਿਤਕ ਖੇਤਰ ਵਿਚ ਜੋ ਕਾਰਜ ਕੀਤੇ ਉਹ ਪੂਰੀ ਤਰ੍ਹਾਂ ਸਾਰਥਿਕ ਅਤੇ ਲਾਹੇਵੰਦ ਸਾਬਤ ਹੋਏ। ਇਨ੍ਹਾਂ ਕਾਰਜਾਂ ਦਾ ਵਿਸਥਾਰ ਦਸਣ ਦੀ ਏਥੇ ਲੋੜ ਨਹੀਂ ਜਾਪਦੀ ਅਤੇ ਨਾ ਹੀ ਗੁੰਜਾਇਸ਼ ਹੈ।

ਇਹ ਇਤਿਹਾਸ ਲਿਖ ਕੇ ਮੈਂ ਸਵਾਲ ਕਰਦਾ ਹਾਂ ਕਿ ਉਸ ਸਮੇਂ ਵਿਦੇਸ਼ੀ ਰਾਜ ਸਮੇਂ ਸਿੱਖਾਂ ਵਿੱਚ ਪਤਤ ਦੀ ਲਹਿਰ ਨੂੰ ਰੋਕਣ ਲਈ ਕਿਵੇਂ ਸਿੱਖ ਸਰਦਾਰਾਂ ਨੇ ਆਪਣੀ ਗੈਰਤ ਨੂੰ ਕਾਇਮ ਰਖੱਣ ਲਈ ਸਿੰਘ ਸਭਾ ਦਾ ਅਰੰਭ ਕੀਤਾ ਸੀ। ਉਸ ਸਮੇਂ ਅੰਗ੍ਰੇਜ਼ ਦਾ ਡਰ, ਗਰੀਬੀ ਦਸ਼ਾ, ਬੇਰੋਜ਼ਗਾਰੀ, ਅਨਪੜ੍ਹਤਾ ਸਿੱਖਾਂ ਤੇ ਹਾਵੀ ਸੀ। ਰਾਜ ਭਾਗ ਖੁਸਣ ਨਾਲ ਖਲਬਲੀ ਮੱਚ ਗਈ ਸੀ। ਸਿੱਖੀ ਦਾ ਪਤਨ ਸੁਭਾਵਕ ਨਜ਼ਰ ਆਂਦਾ ਸੀ।

ਪਰ ਅੱਜ ਕੀ ਹੋ ਰਿਹਾ ਹੈ? ਅਸੀਂ ਆਜ਼ਾਦ ਦੇਸ਼ ਹਾਂ, ਸਿੱਖ ਵੀ ਹੁਣ ਤਾਂ ਅਮੀਰ ਹੈ, ਪੜ੍ਹਾਈ ਵੀ ਪੂਰੀ ਹੈ, ਜਥੇਬੰਦੀਆਂ ਦੀ ਕੋਈ ਘਾਟ ਨਹੀਂ ਹੈ -ਥਾਂ ਥਾਂ ਗੁਰਦੁਆਰੇ ਹਨ, ਕੀਰਤਨ ਦਰਬਾਰਾਂ ਦਾ ਤਾਂ ਲੜੀਵਾਰ ਸਿਲਸਿਲਾ ਚਲ ਰਿਹਾ ਹੈ, ਨਗਰ ਕੀਰਤਨ ਹਰ ਰੋਜ਼ ਨਜ਼ਰ ਆਂਦੇ ਹਨ। ਕੋਈ ਰਾਜਸੀ ਦਬਾ ਵੀ ਸਾਡੇ ਤੇ ਨਹੀਂ ਹੈ। ਫਿਰ ਕੀ ਮਾਰ ਵਗ ਗਈ ਹੈ ਕਿ ਸਿੱਖ ਧੜਾ-ਧੜ ਪਤਤ ਹੋ ਰਹੇ ਹਨ? ਸਿੱਖ ਸਰਦਾਰ ਦਾਦਾ ਬਣ ਕੇ ਪਤਤ ਪੋਤੇ ਨੂੰ ਨਾਲ ਲੈ ਕੇ ਸ਼ਾਨ ਨਾਲ ਚਲਦਾ ਹੈ। ਵੱਡੇ ਵੱਡੇ ਲੀਡਰਾਂ ਦੇ ਘਰ ਵੀ ਇਹ ਬੀਮਾਰੀ ਫੈਲ ਚੁੱਕੀ ਹੈ। ਸਿੱਖ ਕਾਲਜਾਂ ਦੇ ਪ੍ਰੋਫੈਸਰ ਸਕੂਲ ਮਾਸਟਰ ਪਤਤ ਹੋ ਕੇ ਵੀ ਖੁਸ਼ੀ ਨਾਲ ਨੌਕਰੀ ਕਰ ਰਹੇ ਹਨ। ਪੈਸੇ ਸਿੱਖ ਲਗਾ ਰਹੇ ਹਨ ਪਰ ਸਾਡੇ ਪੜ੍ਹੇ ਲਿਖੇ ਨੌਜਵਾਨ ਦਾਹੜੀ ਕੇਸ ਕਟਵਾ ਕੇ ਇਹਨਾਂ ਵਿਦਿਅਕ ਅਦਾਰਿਆਂ ਨੂੰ ਆਪਣੀ ਜਾਇਦਾਦ ਸਮਝਦੇ ਹਨ। ਸਿੱਖ ਅਫਸਰ ਤਾਂ ਸ਼ਾਇਦ ਸਿੱਖੀ ਨੂੰ ਬੋਝ ਸਮਝਦੇ ਹਨ। ਅੰਗ੍ਰੇਜ਼ ਦੇ ਵਕਤ ਹਰ ਸਿੱਖ ਫੌਜੀ ਨੂੰ ਹੁਕਮਨ ਪੂਰਾ ਸਿੱਖ ਰਹਿਣਾ ਪੈਂਦਾ ਸੀ। ਅੱਜ ਆਜ਼ਾਦ ਭਾਰਤ ਵਿਚ ਉਲਟ ਹੈ। ਕਿਧਰੇ ਸਿੱਖ ਸਕੂਲ ਵੇਖੋ - ਪਗੜੀ, ਦੁਪੱਟੇ ਜਾਂ ਰੁਮਾਲ ਵਾਲੇ ਟਾਵੇਂ ਹੀ ਹਨ। ਖੇਡਾਂ ਵਿਚ ਤਾਂ ਸਿੱਖ ਹੋਣਾ ਪਾਪ ਬਣ ਰਿਹਾ ਹੈ। ਹਾਕੀ ਦੀ ਟੀਮ ਵਿਚ ਇਕ ਦੋ ਹੀ ਜੂੜੇ ਵਾਲੇ ਬਾਕੀ ਗਾਇਬ ਹਨ। ਮਿਲਖਾ ਸਿੰਘ ਉੱਡਣਾ ਸਿੱਖ ਬਣਕੇ ਸਾਡੀ ਸ਼ਾਨ ਬਣਿਆ ਸੀ, ਅੱਜ ਉਸ ਦਾ ਪੁੱਤਰ ਗਾਲਫ਼ ਦਾ ਵਿਸ਼ਵ ਖਿਡਾਰੀ ਜੀਵ ਮਿਲਖਾ ਸਿੰਘ ਬਿਨਾਂ ਪਗੜੀ ਤੋਂ ਹੈ। ਉਲੰਪਿਕ ਗੋਲਡ ਮੈਡਲਿਸਟ ਸਰਦਾਰ ਬਿੰਦਰਾ ਮੋਨਾ ਹੈ।

ਮੈਂ ਕੀ ਲਿਖਾਂ ਸ਼ਰਮ ਆਂਦੀ ਹੈ - ਵਿਦੇਸ਼ਾਂ ਵਿੱਚ ਇਹ ਬੀਮਾਰੀ ਵਧੇਰੇ ਫੈਲ ਚੁੱਕੀ ਹੈ। ਪੰਜਾਬੀ ਮੁੰਡੇ ਬਾਹਰ ਜਾ ਕੇ ਇਹ ਬੀਮਾਰੀ ਵਧਾ ਕੇ ਖੁਸ਼ ਹਨ।

ਕੀ ਹੁਣ ਕੋਈ ਮੁੜ ਭਾਈ ਵੀਰ ਸਿੰਘ ਵਾਂਗ ਸਾਡੀ ਅਣਖ ਜਗਾਣ ਲਈ ਉੱਠਣਗੇ, ਜੋ ਨਵੀਂ ਸਿੰਘ ਸਭਾ ਲਹਿਰ ਚਲਾ ਸਕਣ? ਸਿੱਖ ਧਾਰਮਿਕ ਤੇ ਸਿਆਸੀ ਲੀਡਰ ਇਸ ਵਿਸ਼ੇ ਤੇ ਚੁੱਪ ਧਾਰਨ ਕਰ ਚੁੱਕੇ ਹਨ। ਖਾਲਸਾ ਜੀ ਤੁਹਾਡਾ ਕੌਣ ਬੇਲੀ?

❑❑❑

# ਸਿੱਖ-ਸਾਹਿਤ ਦਾ ਰੋਲ-ਮਾਡਲ: ਭਾਈ ਵੀਰ ਸਿੰਘ

***ਡਾ. ਬਲਕਾਰ ਸਿੰਘ****

ਭਾਈ ਵੀਰ ਸਿੰਘ (1872–1957) ਦੀ ਸਿੱਖ-ਬਚਨਬੱਧਤਾ, ਸਿਧਾਂਤਕ-ਸੁਜੱਗਤਾ ਅਤੇ ਸਾਹਿਤਕ-ਚੇਤੰਨਤਾ ਜੱਗ ਜਾਹਰ ਸੀ ਅਤੇ ਹੈ। ਉਨ੍ਹਾਂ ਦੀ "ਛੁਪੇ ਰਹਿਣ ਦੀ ਚਾਹ" ਦਾ ਪ੍ਰਸੰਗ ਹਲੀਮ-ਕ੍ਰਿਤੱਗਯਤਾ ਹੈ, ਜਿਸ ਨੂੰ ਪ੍ਰਗਟ ਕਰਨ ਦਾ ਮਿਲਿਆ ਹੋਇਆ ਮੌਕਾ, ਉਹ ਹੱਥੋਂ ਨਹੀਂ ਜਾਣ ਦਿੰਦੇ ਸਨ। ਪੁਸ਼ਟੀ ਲਈ ਉਨ੍ਹਾਂ ਵਲੋਂ ਸਮਰਪਨ ਦੀ ਸੁਰ ਅਤੇ ਸ਼ਬਦਾਵਲੀ ਸਾਂਝੀ ਕਰ ਰਿਹਾ ਹਾਂ:

**ਅਪਨੀ ਸ਼ੈ ਕੋਈ ਅਰਪੀਏ ਤਾਂ ਓਹ ਸਮਰਪਨ ਹੋਇ,**
**ਅਗੇ ਹੀ ਜੋ ਆਪ ਦੀ ਸਮਰਪਨ ਕਿੰਵ ਹੋ ਸੋਇ।**
**ਐਪਰ ਮਾਲੀ ਦੇਖੀਏ ਮਾਲਿਕ-ਚਿਮਨੋਂ ਤੋੜਿ,**
**ਫੁਲ ਮਾਲਿਕ ਨੂੰ ਅਰਪਦਾ ਸਿਰ ਨਿਵਾਇ ਹਥ ਜੋੜਿ।**
**ਮਾਲਿਕ ਸਭ ਕੁਝ ਜਾਣਦਾ ਪਰ ਲੈ ਹੋਇ ਨਿਹਾਲ,**
**ਰੀਝੇ 'ਅਰਪਨ-ਅਦਾਅ' ਤੇ ਬਿਰਦ ਆਪਣਾ ਪਾਲ।**
**ਤਯੋਂ ਹਥ ਜੋੜੇ, ਸਿਰ ਨਿਵੇਂ, ਲਾਜ ਭਰੇ ਦਿਲ ਨੈਣ,**
**ਚਾਉ-ਸਮਰਪਨ ਉਠ ਰਿਹਾ ਤੇਰਾ ਤੁਧ ਨੂੰ ਦੇਣ।**
**ਚਾਉ-ਸਮਰਪਨ ਰੁਕੇ ਨਾਂ, ਲਾਜ ਨ ਆਗਯਾ ਦੇਇ,**
**ਮੁਗਧ ਦਿਲਾਂ ਦੇ ਜਾਣੂਆ! ਆਪੇ ਹੀ ਲਖਿ ਲੇਇ।**

ਇਸ ਕਾਵਿ-ਕੋਮਲਤਾ ਦੇ ਸਿੱਖ-ਪ੍ਰਗਟਾਵੇ ਦਾ ਪ੍ਰਸੰਗ-ਵਿਗਾੜ, ਬੇਗਾਨਿਆਂ ਵਲੋਂ ਤਾਂ ਹੋਣਾ ਹੀ ਸੀ, ਆਪਣਿਆਂ ਵਲੋਂ ਵੀ ਹੁੰਦਾ ਰਿਹਾ ਹੈ। ਇਸ ਨਾਲ ਉਨ੍ਹਾਂ ਦੀ ਰੋਲ-ਮਾਡਲੀ ਹੈਸੀਅਤ ਨੂੰ ਆਰਕਾਈਵਲ-ਬਿੰਬ ਬਨਾਉਣ ਵੱਲ ਧੱਕਿਆ ਜਾਂਦਾ ਰਿਹਾ ਹੈ। ਇਸ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਭਾਈ ਸਾਹਿਬ ਦੇ ਯੋਗਦਾਨ ਦੀ ਪ੍ਰਧਾਨ-ਸੁਰ, ਗੁਰਮਤਿ-ਚਿੰਤਨ ਦੀ ਪਹਿਰੇਦਾਰੀ ਅਤੇ ਸਿੱਖ-ਇਤਿਹਾਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਪੇਸ਼ ਕਰਨ ਦੀ ਰੀਝ ਹੈ। ਇਹ ਸੇਵਾ ਅਤੇ ਪਹਿਰੇਦਾਰੀ, ਭਾਈ ਸਾਹਿਬ ਨੇ ਸਮਰਥਾ, ਸੋਝੀ ਅਤੇ ਸਪੇਸ (ਮੌਕਾ, ਅਵਸਰ) ਮੁਤਾਬਿਕ ਲਗਾਤਾਰ ਨਿਭਾਈ ਸੀ। ਇਹ ਤਿੰਨੇ (ਸੋਝੀ, ਸਮਰਥਾ ਅਤੇ ਸਪੇਸ) ਸਦਾ ਇਕੋ ਜਿਹੀਆਂ ਨਹੀਂ ਰਹਿੰਦੀਆਂ, ਪਰ ਇਨ੍ਹਾਂ ਤਿੰਨਾਂ ਤੋਂ ਮਹਿਰੂਮ ਕਿਸੇ ਵੀ ਸਮਕਾਲ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਆਪਣੇ ਆਪਣੇ ਸਮਕਾਲ ਵਿਚ ਕਿਸੇ ਨ ਕਿਸੇ ਖੇਤਰ ਵਿਚ ਵਿਸ਼ੇਸ਼ਗਤਾ ਹਾਸਲ ਕਰ ਜਾਣਾ ਕੋਈ ਔਖੀ ਗੱਲ ਨਹੀਂ ਹੁੰਦੀ, ਕਿਉਂਕਿ ਅਜਿਹਾ ਇਕਵਾਰਗੀ ਵਾਪਰਦਾ ਹੈ ਅਤੇ ਸੀਮਾਵਾਂ ਵਿਚ ਵਾਪਰਨਾ ਵੀ ਸੰਭਵ ਹੋ ਸਕਦਾ ਹੈ। ਮਿਸਾਲ ਦੇ ਤੌਰ ਤੇ ਸਿੱਖਾਂ ਨੇ ਵਿਉਪਾਰ ਵਿਚ, ਨੌਕਰੀਆਂ ਵਿਚ, ਖੇਡਾਂ ਵਿਚ ਅਤੇ ਖੇਤੀ ਵਿਚ ਬੇਜੋੜ ਮੱਲਾਂ ਮਾਰੀਆਂ ਹੋਈਆਂ ਹਨ। ਇਨ੍ਹਾਂ ਇਕਹਿਰੀਆਂ ਪ੍ਰਾਪਤੀਆਂ ਤੋਂ ਪ੍ਰੇਰਨਾ ਤਾਂ ਲਈ ਜਾ ਸਕਦੀ ਹੈ, ਪਰ ਇਨ੍ਹਾਂ ਨੂੰ ਸਿੱਖ ਰੋਲ-ਮਾਡਲ ਵਜੋਂ ਨਹੀਂ ਵਰਤਿਆ ਜਾ ਸਕਦਾ। ਸੀਮਾਵਾਂ ਨੂੰ ਛੜੱਪਕੇ, ਜਿਹੜੇ ਸਿੱਖਾਂ ਦਾ ਯੋਗਦਾਨ, ਪੀੜ੍ਹੀਆਂ ਨੂੰ ਪ੍ਰਭਾਵਿਤ ਕਰਨ ਲੱਗ ਪਵੇ, ਉਸ ਨੂੰ ਪਹਿਲਾਂ ਭਾਈਚਾਰਕ ਪ੍ਰਸੰਗ ਵਿਚ ਅਤੇ ਫਿਰ ਕੌਮੀ ਪ੍ਰਸੰਗ ਵਿਚ ਰੋਲ-ਮਾਡਲੀ ਮੰਨ ਲਿਆ ਜਾਂਦਾ ਹੈ। ਭਾਈ ਵੀਰ ਸਿੰਘ ਆਪਣੇ ਸਿੱਖ-ਸਮਕਾਲ ਦੇ ਵੀ ਰੋਲ ਮਾਡਲ ਸਨ ਅਤੇ ਵਰਤਮਾਨ ਸਿੱਖ ਅਕਾਦਮਿਕਤਾ ਦੇ ਵੀ ਰੋਲ-ਮਾਡਲ ਹਨ। ਇਹ ਗੱਲ ਉਨ੍ਹਾਂ ਦੀਆਂ ਲਿਖਤਾਂ ਦੇ ਆਧਾਰ ਤੇ ਕਹਿ ਰਿਹਾ ਹਾਂ। ਇਹ ਸਥਾਪਤ ਸਚਾਈ ਇਸ ਕਰਕੇ ਲੁਕੀ ਰਹੀ ਹੈ ਕਿਉਂਕਿ ਇਸ ਗੱਲ ਨੂੰ ਪੰਜਾਬੀ-ਚੇਤਨਾ ਨੇ ਖ਼ਾਸ ਕਰਕੇ ਅਤੇ ਸਿੱਖ-ਵਿਸ਼ਵਾਸ ਨੇ ਆਮ ਕਰਕੇ, ਲਗਾਤਾਰ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ, ਇਸ ਲਈ ਵੀ ਵਾਪਰਦਾ ਰਿਹਾ ਹੈ ਕਿਉਂਕਿ ਪੰਜਾਬੀ-ਸਭਿਆਚਾਰ, ਸਿੱਖ-ਧਰਮ ਅਤੇ ਸਰਕਾਰੀ-ਪ੍ਰਬੰਧਨ ਦੀ ਭੂਮਿਕਾ, ਸਿੱਖ-ਸਰੋਕਾਰਾਂ ਅਤੇ ਸਿੱਖ-ਸਾਹਿੱਤਕਾਰੀ ਦੀ ਸਥਾਈ ਵਾਸਤੇ ਕਦੇ ਵੀ ਸਹਿਯੋਗੀ ਨਹੀਂ ਰਹੀ ਸੀ। ਸਿੱਖ ਸੋਧ ਵਿਚ ਲਿਖਣ ਵਾਲੇ ਲੇਖਕਾਂ ਵਿਚੋਂ ਭਾਈ ਵੀਰ ਸਿੰਘ ਅਤੇ ਸਿੱਖ-ਸਾਹਿਤਕਾਰ ਵਜੋਂ ਪ੍ਰਗਟ ਸਨ ਅਤੇ ਹਨ ਅਤੇ ਉਨ੍ਹਾਂ ਦੀ ਇਸ ਸਥਾਪਤੀ ਵਿਚ ਪੰਜਾਬੀ-ਸਾਹਿਤਕਾਰੀ ਵੀ ਸ਼ਾਮਲ ਸੀ ਅਤੇ ਹੈ। ਬਹੁਤ ਸਾਰੇ ਕਾਰਨਾ ਕਰਕੇ ਬਹੁਤ ਸਾਰੀਆਂ ਕੋਸ਼ਿਸ਼ਾਂ, ਉਨ੍ਹਾਂ ਨੂੰ ਪੰਜਾਬੀ-ਸਾਹਿਤਕਾਰ ਵਜੋਂ ਸਥਾਪਤ ਕਰਣ ਵਾਸਤੇ ਹੁੰਦੀਆਂ ਵੀ ਰਹੀਆਂ ਹਨ ਕਿਉਂਕਿ

* ਪੰ.ਯੂ.ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਦੇ ਭੂਤਪੂਰਵ ਪ੍ਰੋਫੈਸਰ ਤੇ ਮੁੱਖੀ ਡਾ. ਬਲਕਾਰ ਸਿੰਘ ਅਜਿਹੇ ਸਥਾਪਤ ਸਿੱਖ-ਚਿੰਤਕ ਹਨ ਜੋ ਸਿੱਖ ਪਰੰਪਰਾ ਨਾਲ ਜੁੜੇ ਹੋਣ ਦੇ ਬਾਵਜੂਦ ਗੁਰਮਤਿ ਸਾਹਿੱਤ ਨੂੰ ਆਧੁਨਿਕ ਅਕਾਦਮਿਕ ਲੋੜ ਅਨੁਸਾਰ ਪ੍ਰਸਤੁਤ ਕਰਨ ਦੇ ਸਮਰਥ ਵਿਦਵਾਨ ਹਨ। ਚੀਫ਼ ਖ਼ਾਲਸਾ ਦੀਵਾਨ ਵਲੋਂ ਭਾਈ ਵੀਰ ਸਿੰਘ ਜੀ ਦੇ ਮਨਾਏ ਗਏ 143ਵੇਂ ਜਨਮ ਦਿਵਸ ਉੱਤੇ ਡਾ. ਬਲਕਾਰ ਸਿੰਘ ਜੀ ਨੂੰ ਭਾਈ ਵੀਰ ਸਿੰਘ ਜੀ ਦੇ ਜੀਵਨ ਤੇ ਰਚਨਾਵਾਂ ਬਾਰੇ ਆਪਣੇ ਵਿਚਾਰ ਪ੍ਰਸਤੂਤ ਕਰਨ ਲਈ ਵਿਸ਼ੇਸ਼ ਤੌਰ ਤੇ ਸਦਿਆ ਗਿਆ ਸੀ। ਇਸ ਅਵਸਰ ਤੇ ਡਾ. ਬਲਕਾਰ ਸਿੰਘ ਨੇ ਆਪਣੇ ਪੇਪਰ ਵਿਚ ਵਿਸਥਾਰ ਪੂਰਬਕ ਦਸਿਆ ਕਿ ਭਾਈ ਵੀਰ ਸਿੰਘ ਨੇ ਸਿਆਸੀ ਲਾਹਾ ਲੈਣ ਦੀ ਥਾਂ ਸਿੱਖ ਚੇਤਨਾ ਨੂੰ ਗੁਰਬਾਣੀ ਨਾਲ ਜੁੜੇ ਰਹਿਣ ਲਈ ਪ੍ਰਚੰਡ ਕਰਨ ਵਾਲੇ ਕਾਰਜ ਨੂੰ ਪਹਿਲ ਦਿੰਦਿਆਂ ਸਿੱਖ-ਜਾਗਰਤੀ ਵਾਸਤੇ ਲੋੜੀਦੇਂ ਸਾਹਿੱਤ ਦੀ ਸਿਰਜਣਾ ਕੀਤੀ। ਵਿਸ਼ੇਸਤਾ ਇਹ ਕਿ ਉਹ ਆਪਣੀ ਲਿਖਤ ਤੇ ਪਾਠਕ ਦੇ ਵਿਚਕਾਰ ਨਹੀਂ ਆਉਂਦੇ ਕੇਵਲ ਏਸ ਤੱਥ ਨੂੰ ਹੀ ਉਭਾਰਦੇ ਹਨ ਕਿ ਸਿੱਖਾਂ ਨੇ ਸਿੱਖੀ ਨੂੰ ਕਿਵੇਂ ਜੀਵਿਆ ਅਤੇ ਜੇ ਉਨ੍ਹਾਂ ਨੂੰ ਇਹ ਚੰਗਾ ਲਗਿਆ ਹੈ ਤਾਂ ਉਨ੍ਹਾਂ ਵਾਂਗ ਸਿੱਖੀ ਨੂੰ ਜਿਊਣ ਦੀ ਕੋਸ਼ਿਸ਼ ਜ਼ਰੂਰ ਕਰਨ। ਏਸੇ ਲਈ ਆਪ ਵਲੋਂ ਸਿਰਜੀਆਂ ਇਤਿਹਾਸਕ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਭਾਵਨਾਵਾਂ ਦਾ ਅਨੁਸਰਣ ਕਰਦੀਆਂ ਹਨ। ਪਾਠਕਾਂ ਦੇ ਗਿਆਤ ਹਿਤ ਪ੍ਰੋ. ਬਲਕਾਰ ਸਿੰਘ ਜੀ ਦਾ ਪੂਰਾ ਲੇਖ ਇਸ ਅੰਕ ਵਿਚ ਦਿੱਤਾ ਜਾ ਰਿਹਾ ਹੈ-ਸੰਪਾਦਕ।

ਪੰਜਾਬੀ ਦੇ ਸਾਹਿਤਕਾਰ ਵਜੋਂ ਪਰਵਾਨ ਕਰ ਲੈਣ ਨਾਲ, ਉਨ੍ਹਾਂ ਦੇ ਸਾਹਿਤਕ ਯੋਗਦਾਨ ਵਿਚੋਂ ਸਿੱਖ-ਸਾਹਿਤਕਾਰੀ ਆਪਣੇ ਆਪ ਮਨਫੀ ਹੋ ਜਾਂਦੀ ਰਹੀ ਹੈ। ਇਹ ਕੋਸ਼ਿਸ਼, ਸਿੰਘ ਸਭਾ ਲਹਿਰ ਵੇਲੇ ਹੀ ਸ਼ੁਰੂ ਹੋ ਗਈ ਸੀ। ਗ਼ਦਰ-ਲਹਿਰ ਵੇਲੇ ਸਿੱਖ-ਵਿਰੋਧੀਆਂ ਵਲੋਂ ਸਿੱਖ-ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਜਾਣ ਲੱਗ ਪਈ ਸੀ। ਦੇਸ਼ ਦੀ ਆਜ਼ਾਦੀ (1947) ਤੋਂ ਪਿੱਛੋਂ ਸਿੱਖ-ਸਰੋਕਾਰਾਂ ਦਾ ਵਿਰੋਧ ਅਗਾਂਹਵਧੂ ਲਹਿਰ ਦੇ ਨਾਮ ਹੇਠ, ਪੰਜਾਬੀ ਦਾਨਸ਼ਵਰਾਂ ਵਲੋਂ ਭਾਰਤ ਵਿਚ ਆਮ ਕਰਕੇ ਅਤੇ ਪੰਜਾਬ ਵਿਚ ਖ਼ਾਸ ਕਰਕੇ ਪੱਕੇ ਪੈਰੀਂ ਹੁੰਦਾ ਰਿਹਾ ਹੈ। ਜਿਹੜੇ ਪੰਜਾਬੀ ਦਾਨਸ਼ਵਰ, ਸਿੱਖ ਹੋਕੇ ਵੀ ਸਿੱਖ ਨਹੀਂ ਕਹਾਉਣਾ ਚਾਹੁੰਦੇ ਸਨ, ਉਨ੍ਹਾਂ ਦੀ ਸਾਹਿਤਕ ਪ੍ਰਸੰਗ ਵਿਚ ਭੂਮਿਕਾ ਸਿੱਖ-ਵਿਰੋਧੀ ਮਾਹੌਲ ਉਸਾਰਦੀ ਰਹੀ ਹੈ। ਇਹ ਵੱਖਰਾ ਵਿਸ਼ਾ ਹੈ ਅਤੇ ਇਸ ਦੇ ਵਿਸਥਾਰ ਵਿਚ ਜਾਏ ਬਿਨਾਂ, ਇਹ ਕਹਿਣਾ ਚਾਹ ਰਿਹਾ ਹਾਂ ਕਿ ਭਾਈ ਸਾਹਿਬ ਨੂੰ ਅਸੀਂ ਆਪ ਹੀ ਪੰਜਾਬ ਦੀ ਮੁੱਖ-ਧਾਰਾ ਦੇ ਕੇਂਦਰ ਵਿਚੋਂ ਕੱਢਕੇ, ਮੁੱਖ-ਧਾਰਾ ਦੇ ਹਾਸ਼ੀਏ ਤੇ ਧੱਕਦੇ ਆ ਰਹੇ ਹਾਂ। ਇਹ ਸਥਾਪਤ ਸਚਾਈ ਹੈ ਕਿ ਮਜ਼ਬੂਰੀ ਵਿਚ ਪੰਜਾਬੀ ਲੋਕ, ਕਦੇ ਕੁਝ ਨਹੀਂ ਕਰਦੇ, ਪਰ ਮਰਜੀ ਨਾਲ ਪੰਜਾਬੀ ਲੋਕ, ਕੁਝ ਵੀ ਕਰਣ ਲਈ ਤਿਆਰ ਹੋ ਜਾਂਦੇ ਰਹੇ ਹਨ। ਕਮਿਊਨਿਸਟ ਲਹਿਰ ਨੂੰ ਅਤੇ ਆਰੀਆ ਸਮਾਜ ਨੂੰ ਜੋ ਹੁੰਗਾਰਾ, ਪੰਜਾਬ ਵਿਚ ਮਿਲਿਆ, ਉਸ ਨਾਲ ਕਹੀ ਜਾ ਰਹੀ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ। ਇਸ ਪੰਜਾਬੀ-ਸੁਭਾ ਦਾ ਨੁਕਸਾਨ ਸਦਾ ਹੀ ਸਿੱਖ-ਧਰਮ ਨੂੰ ਹੁੰਦਾ ਰਿਹਾ ਹੈ। ਇਹੋ ਜਿਹੇ ਵਹਿਣ ਵਿਚ ਵਹਿਕੇ, ਘਟ-ਗਿਣਤੀ ਸਿੱਖ-ਭਾਈਚਾਰੇ ਵਿਚ ਭਾਈ ਵੀਰ ਸਿੰਘ ਨੂੰ ਹੋਰ ਵੀ ਘਟ-ਗਿਣਤੀ ਦੇ ਪ੍ਰਤੀਨਿਧ ਹੋ ਜਾਣ ਵੱਲ ਧੱਕ ਦਿੱਤਾ ਗਿਆ ਸੀ। ਇਹੋ ਜਿਹੀਆਂ ਵਧੀਕੀਆਂ ਭਾਈ ਸਾਹਿਬ ਦੇ ਯੋਗਦਾਨ ਨੂੰ ਸਮਝੇ ਬਿਨਾਂ ਹੀ ਹੁੰਦੀਆਂ ਰਹੀਆਂ ਹਨ। ਜਿਨ੍ਹਾਂ ਨੇ ਭਾਈ ਸਾਹਿਬ ਨੂੰ ਸ਼ਰਧਾ ਦੀ ਅੰਨ੍ਹੀ ਜੱਫੀ ਨਾਲ ਵਰਗ-ਪ੍ਰਤੀਨਿਧ ਬਣਾ ਦਿੱਤਾ ਸੀ, ਉਹ ਵੀ ਭਾਈ ਵੀਰ ਸਿੰਘ ਨੂੰ ਸਿੱਖ ਰੋਲ-ਮਾਡਲ ਬਣ ਜਾਣ ਤੋਂ ਵਿਰੋਧੀਆਂ ਵਾਂਗ ਹੀ ਰੋਕਦੇ ਰਹੇ ਹਨ। ਨਤੀਜਾ ਇਹੀ ਨਿਕਲਦਾ ਹੈ ਕਿ ਭਾਈ ਵੀਰ ਸਿੰਘ ਦੇ ਸੱਚ ਨੂੰ ਫਾਂਸੀ, ਪੰਜਾਬੀਆਂ ਵਲੋਂ ਆਪ ਹੀ ਲਾਈ ਗਈ ਸੀ ਅਤੇ ਇਸ ਦੀ ਸਜ਼ਾ ਵੀ ਪੰਜਾਬੀ ਲੋਕ ਆਪ ਹੀ ਭੁਗਤਦੇ ਆ ਰਹੇ ਹਨ।

ਗੁਰਮਤਿ ਨੇ ਸਭਿਆਚਾਰਕ-ਸਮਕਾਲ ਨੂੰ ਨਾਲ ਲੈ ਕੇ ਤੁਰਨਾ ਸਿਖਾਇਆ ਹੋਇਆ ਹੈ, ਪਰ ਅਸੀਂ ਸਭਿਆਚਾਰ ਦੀ ਅਗਵਾਈ ਵਿਚ ਧਰਮ ਨੂੰ ਤੋਰਨ ਦੇ ਲਾਲਚ ਵਿਚ ਬਹੁਤ ਵਾਰ ਰਾਹੋਂ ਭਟਕਦੇ ਰਹੇ ਹਾਂ। ਸਮੇਂ ਦੀ ਪ੍ਰਧਾਨ-ਸੁਰ ਦੇ ਨਾਲ ਚੱਲਣ ਦੀਆਂ ਮਜਬੂਰੀਆਂ ਆਪਣੀ ਥਾਂ ਹੁੰਦੀਆਂ ਹਨ ਅਤੇ ਕਿਸੇ ਲੇਖਕ ਦੇ ਊਰਜਾ-ਸ੍ਰੋਤ ਦਾ ਵਿਰਾਸਤੀ-ਪ੍ਰਸੰਗ ਆਪਣੀ ਥਾਂ ਹੁੰਦਾ ਹੈ। ਦੁਨੀਆਂ, ਆਮ ਤੌਰ ਤੇ ਲੀਹਾਂ ਪਾੜਕੇ ਤੁਰਨ ਤੋਂ ਗੁਰੇਜ਼ ਕਰਦੀ ਹੈ, ਪਰ ਜਿਹੜੇ ਲੋਕ ਲੀਹਾਂ ਪਾੜਕੇ ਤੁਰਨ ਦਾ ਸਾਹਸ ਵਿਖਾਉਂਦੇ ਹਨ, ਦੁਨੀਆਂ ਉਨ੍ਹਾਂ ਦੇ ਨਾਲ ਤੁਰਨ ਲੱਗ ਪੈਂਦੀ ਹੈ। ਲੀਹਾਂ ਪਾੜਕੇ ਤੁਰਨ ਦਾ ਸਾਹਸ ਅਤੇ ਲੀਹਾਂ ਪਾੜਕੇ ਤੁਰਨ ਦੀ ਚੇਤਨਾ ਵਿਚ ਫਰਕ ਹੁੰਦਾ ਹੈ। ਸਾਹਸ, ਨੇਤਾਗਿਰੀ ਤੱਕ ਲੈਕੇ ਜਾ ਸਕਦਾ ਹੈ, ਪਰ ਚੇਤਨਾ, ਰੋਲ-ਮਾਡਲ ਹੋ ਜਾਣ ਤੱਕ ਲੈਕੇ ਜਾਂਦੀ ਹੈ। ਸਾਹਸ ਵਿਚ ਚੇਤਨਾ, ਜ਼ਰੂਰੀ ਨਹੀਂ ਸ਼ਾਮਲ ਹੋਵੇ, ਪਰ ਚੇਤਨਾ ਵਿਚ ਸਾਹਸ, ਸ਼ਾਮਲ ਰਹਿੰਦਾ ਹੈ। ਸਿੱਖ-ਚਿੰਤਨ, 1708 ਤੱਕ ਮੁੱਖ ਰੂਪ ਵਿਚ ਚੇਤਨਾ-ਲਹਿਰ ਸੀ ਅਤੇ ਸਾਹਸ, ਇਸ ਲਹਿਰ ਦਾ ਹਿੱਸਾ ਸੀ। 1708 ਤੋਂ ਲੈਕੇ 1849 ਤੱਕ ਸਿੱਖ-ਲਹਿਰ ਵਿਚ ਸਾਹਸ ਦੀ ਸੁਰ ਪ੍ਰਧਾਨ ਹੋਣ ਕਰਕੇ ਬਹਾਦਰੀ, ਕੇਂਦਰ ਵਿਚ ਆ ਗਈ ਸੀ ਅਤੇ ਚੇਤਨਾ, ਹਾਸ਼ੀਏ ਤੇ ਧੱਕੀ ਗਈ ਸੀ। ਸਿੱਖ-ਸਾਹਸ ਨੇ ਸਿੱਖ-ਚੇਤਨਾ ਦੀ ਧਰਾਤਲ ਤੇ ਸਿੱਖ-ਵਿਸ਼ਵਾਸ਼ ਦੀ ਅਗਵਾਈ ਵਿਚ ਜੋ ਮੱਲਾਂ ਮਾਰੀਆਂ ਸਨ, ਉਸ ਨਾਲ ਸਿੱਖ-ਕੌਮ ਦਾ ਸ਼ਾਂਨਾਂਮੱਤਾ ਇਤਿਹਾਸ ਦੁਨੀਆਂ ਦੇ ਸਾਹਮਣੇ ਆ ਚੁੱਕਾ ਹੈ। ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ (1849) ਹੋ ਜਾਣ ਨਾਲ ਅਤੇ 1857 ਦਾ ਗ਼ਦਰ ਵਾਪਰ ਜਾਣ ਨਾਲ, ਏਨਾਂ ਪਾਣੀ ਪੁਲਾਂ ਹੇਠ ਦੀ ਲੰਘ ਗਿਆ ਸੀ ਕਿ ਇਸ ਵਿਚੋਂ ਨਿਰੰਕਾਰੀ-ਲਹਿਰ ਅਤੇ ਕੂਕਾ-ਲਹਿਰ ਪੈਦਾ ਹੋਈਆਂ ਸਨ। ਸਿੱਖ-ਨਾਬਰੀ ਨੂੰ ਕੂਕਾ ਲਹਿਰ ਨੇ ਇਕ ਹੱਦ ਤੱਕ ਨਿਭਾਇਆ ਵੀ ਸੀ। ਪਰ "ਗੁਰੂ ਮਾਨਿਓ ਗ੍ਰੰਥ" ਦੀ ਥਾਂ, ਸ਼ਖ਼ਸ਼ੀ-ਗੁਰੂ ਨੂੰ ਦੇਣ ਕਰਕੇ, ਕੂਕਾ-ਲਹਿਰ, ਸਿੱਖਾਂ ਦੀ ਮੁੱਖ-ਧਾਰਾ ਨਾਲੋਂ ਦੂਰ ਹੁੰਦੀ ਚਲੀ ਗਈ ਸੀ। ਏਸੇ ਤਰ੍ਹਾਂ ਨਿਰੰਕਾਰੀ-ਲਹਿਰ ਵੀ, ਆਪਣੇ ਊਰਜਾ-ਸ੍ਰੋਤ ਸ਼ਬਦ-ਗੁਰੂ ਨਾਲ ਨਹੀਂ ਨਿਭ ਸਕੀ ਸੀ। ਇਸ ਹਾਲਤ ਵਿਚ ਅੰਨ-ਧਰਮਾਂ ਵਲੋਂ ਭੋਲੇ ਭਾਲੇ ਸਿੱਖਾਂ ਨੂੰ ਵਰਗਲਾਉਣ ਦੀਆਂ ਮੁਹਿੰਮਾਂ ਸ਼ੁਰੂ ਹੋ ਗਈਆਂ ਸਨ। ਸਿੱਖ-ਚੇਤਨਾ ਦੇ ਖੇਤਰ ਵਿਚ ਹਾਲਾਤ ਇਹੋ ਜਿਹੇ ਹੋ ਗਏ ਸਨ ਕਿ ਆਰੀਆ ਸਮਾਜੀ ਵੀ ਸਿੱਖਾਂ ਨੂੰ ਸਿੱਖੀ ਨਾਲੋਂ ਤੋੜਣ ਵਾਸਤੇ ਉਤਸ਼ਾਹਤ ਹੋਏ ਫਿਰਦੇ ਸਨ। ਇਥੋਂ ਤੱਕ ਕਿ ਸਿੱਖ-ਚੇਤਨਾ ਦੀ ਵੱਡੀ ਪਰਤ, ਨਿਰਮਲਾ-ਪਰੰਪਰਾ ਵੀ ਖੂੰਜੇ ਲੱਗੀ ਪਈ ਸੀ। ਸਿੱਖਾਂ ਬਾਰੇ ਇਸ ਸਮੇਂ ਦੌਰਾਨ ਜੋ ਕੁਝ ਸ਼ਰਧਾ ਰਾਮ ਫਿਲੌਰੀ ਵਰਗੇ ਹਿੰਦੂ ਦਾਨਸ਼ਵਰਾਂ ਨੇ ਲਿਖਿਆ ਜਾਂ ਮੁਸਲਮਾਨ ਦਾਨਸ਼ਵਰਾਂ ਦਾ ਲਿਖਿਆ ਹੋਇਆ ਪ੍ਰਾਪਤ ਸੀ ਜਾਂ ਅੰਗਰੇਜ਼ ਲਿਖਾਰੀ ਸੁਣ ਸੁਣਾਕੇ ਲਿਖ ਰਹੇ ਸਨ, ਉਸ ਵਿਚੋਂ ਗੁਰਬਾਣੀ ਬਿਲਕੁਲ ਗੁੰਮ ਸੀ। ਸਿੱਖ-ਇਤਿਹਾਸ ਦਾ ਵੀ ਉਹੀ ਪੱਖ ਸਾਹਮਣੇ ਆ ਰਿਹਾ ਸੀ, ਜਿਹੜਾ ਲਿਖਣ ਵਾਲੇ ਨੂੰ ਠੀਕ ਬੈਠਦਾ ਸੀ। ਸਿੱਖ-ਇਤਿਹਾਸ ਤੱਕ ਸਿੱਖੀ ਨੂੰ ਮਹਿਦੂਦ ਕਰ ਦੇਣ ਨਾਲ ਇਕ ਪਾਸੇ ਸਿੱਖ, ਇਤਿਹਾਸ-ਪੂਜਕ ਹੋਣ ਵਾਲੇ ਰਾਹ ਪੈ ਗਏ ਸਨ ਅਤੇ ਦੂਜੇ ਪਾਸੇ, ਗੁਰੂ ਦੇ ਲਾਡਲੇ, ਬਾਣੀ ਦੁਆਰਾ ਵਿਅਕਤੀਗਤ-ਅੱਗਾ ਸੁਆਰਨ ਵੱਲ ਤੁਰ ਪਏ ਸਨ। ਇਸ ਨਾਲ ਸੰਗਤੀ-ਮਾਡਲ ਦੀ ਅਣਦੇਖੀ ਹੋਣ ਲੱਗ ਪਈ ਸੀ। ਇਨ੍ਹਾਂ ਹਾਲਤਾਂ ਵਿਚੋਂ ਬਾਹਰ ਨਿਕਲਣ ਦੀ ਕੌਮੀ-ਕੋਸ਼ਿਸ਼, ਸਿੰਘ ਸਭਾ ਲਹਿਰ ਵਲੋਂ ਹੋਈ ਸੀ।

ਸਿੰਘ ਸਭਾ ਲਹਿਰ ਦਾ ਵੱਡਾ ਹਾਸਲ ਭਾਈ ਵੀਰ ਸਿੰਘ ਸੀ। ਪਰ ਭਾਈ ਵੀਰ ਸਿੰਘ ਦੇ ਯੋਗਦਾਨ ਦਾ ਪਲੇਟਫਾਰਮ, ਸਿੰਘ ਸਭਾ ਲਹਿਰ ਦੀ ਥਾਂ, ਚੀਫ਼ ਖ਼ਾਲਸਾ ਦੀਵਾਨ ਹੀ ਰਿਹਾ ਸੀ।

1925 ਦੇ ਗੁਰਦੁਆਰਾ ਐਕਟ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆ ਗਏ ਸਨ। ਜਿਸ ਤਰ੍ਹਾਂ ਸਿੱਖ-ਧਰਮ ਦੀਆਂ ਪ੍ਰਾਪਤੀਆਂ ਦਾ ਲਾਹਾ, ਸਿੱਖ-ਮਿਸਲਦਾਰੀਆਂ ਨੂੰ ਮਿਲ ਗਿਆ ਸੀ, ਉਸੇ ਤਰ੍ਹਾਂ ਸਿੰਘ ਸਭਾ ਲਹਿਰ ਦੀਆਂ ਪ੍ਰਾਪਤੀਆਂ ਦਾ ਲਾਹਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਾਰਸਾਂ ਤੋਂ ਮਾਲਕਾਂ ਨੂੰ ਮਿਲ ਗਿਆ ਸੀ। ਸਿੱਖ-ਚੇਤਨਾ ਦੀ ਪ੍ਰਚੰਡਤਾ ਵਾਸਤੇ ਜੋ ਸ਼ੁਰੂਆਤ, ਸਿੰਘ ਸਭਾ ਲਹਿਰ ਨੇ ਕੀਤੀ ਸੀ, ਉਸ ਦਾ ਫਿਕਰ ਇਨ੍ਹਾਂ ਦੋਹਾਂ ਸੰਸਥਾਵਾਂ ਵਿਚੋਂ ਲਗਾਤਾਰ ਇਸ ਲਈ ਕਿਰਦਾ ਗਿਆ ਸੀ ਕਿਉਂਕਿ ਇਹ ਸੰਸਥਾਵਾਂ, ਧਰਮ ਵੱਲ ਨਹੀਂ, ਸਿਆਸਤ ਵੱਲ ਸੇਧਤ ਸਨ। ਅੱਜ ਮੈਨੂੰ ਇਸ ਤਰ੍ਹਾਂ ਲੱਗਣ ਲੱਗ ਪਿਆ ਹੈ ਕਿ ਸਿੱਖ ਕੌਮ ਨੂੰ 1925 ਦੇ ਗੁਰਦੁਆਰਾ ਐਕਟ ਨਾਲ ਜਿਸ ਰਾਹੇ ਪਾ ਦਿੱਤਾ ਗਿਆ ਸੀ, ਉਹ ਰਾਹ ਧਰਮ ਅਤੇ ਸਿਆਸਤ ਦੇ ਅਪਵਿਤਰ-ਗੱਠਜੋੜ ਵੱਲ ਤਾਂ ਜਾਂਦਾ ਹੈ, ਪਰ ਸਿੱਖ-ਚੇਤਨਾ ਨੂੰ ਪ੍ਰਚੰਡ ਕਰਣ ਵਾਲੇ ਪਾਸੇ ਜਾ ਹੀ ਨਹੀਂ ਸਕਦਾ। ਇਸ ਨਾਲ ਕੋਮਲ ਸਿੱਖ-ਸਰੋਕਾਰਾਂ ਦੀ ਖੁਆਰੀ ਦਾ ਰਾਹ ਪੱਧਰਾ ਹੁੰਦਾ ਰਿਹਾ ਹੈ। ਇਸ ਦੇ ਵਿਸਥਾਰ ਵਿਚ ਜਾਏ ਬਿਨਾਂ, ਇਹ ਨੁਕਤਾ ਉਭਾਰਨਾ ਚਾਹੁੰਦਾ ਹਾਂ ਕਿ ਦੇਸ਼ ਦੀ ਆਜ਼ਾਦੀ (1947) ਤੱਕ ਤਾਂ ਸਿੱਖ-ਚਾਅ ਨੇ ਸੁਤੰਤ੍ਰਤਾ-ਸੰਗਰਾਮ ਦਾ ਰੂਪ ਧਾਰਨ ਕਰੀ ਰੱਖਿਆ ਸੀ। ਇਸ ਹਾਲਤ ਵਿਚ ਵੀ ਸਿਆਸੀ-ਟਕਰਾਉ ਤੋਂ ਪਰ੍ਹਾਂ ਰਹਿਕੇ ਸਿੱਖ-ਚੇਤਨਤਾ ਨੂੰ ਪੱਕਿਆਂ ਕਰਣ ਦਾ ਕੰਮ, ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੀਵਾਨ ਵਰਗੀਆਂ ਸੰਸਥਾਵਾਂ ਕਰੀ ਜਾ ਰਹੀਆਂ ਸਨ। ਭਾਈ ਵੀਰ ਸਿੰਘ ਅਤੇ ਉਨ੍ਹਾਂ ਦੇ ਸਮਕਾਲੀ ਵਿਦਵਾਨ ਏਹੋ ਜਿਹੇ ਪਲੇਟਫਾਰਮਾਂ ਤੋਂ ਕੰਮ ਕਰਦੇ ਰਹੇ ਸਨ। ਦੇਸ਼ ਦੀ ਆਜ਼ਾਦੀ ਨਾਲ ਪੰਜਾਬੀ-ਚੇਤਨਾ ਉੱਤੇ ਅਗਾਂਹਵਧੂ ਲਹਿਰ ਨੇ ਕਬਜ਼ਾ ਕਰ ਲਿਆ ਸੀ। ਪੰਜਾਬ ਵਿਚ ਸਿੱਖ-ਵਿਸ਼ਵਾਸ ਤੇ ਆਧਾਰਤ ਪਰਿਵਰਤਣ-ਮਾਡਲ ਦੀ ਥਾਂ ਤੇ ਤਰਕ-ਆਧੁਨਿਕਤਾ ਤੇ ਆਧਾਰਤ ਇਨਕਲਾਬੀ-ਮਾਡਲ ਨੂੰ ਪੰਜਾਬੀਆਂ ਤੱਕ ਸਿਆਸੀ-ਸੁਰ ਵਿਚ ਪਹੁੰਚਾਇਆ ਜਾ ਰਿਹਾ ਸੀ। ਅਗਾਂਹਵਧੂ ਪੰਜਾਬੀਆਂ ਵਿਚੋਂ ਕਈਆਂ ਨੂੰ ਪੱਕੀ ਹੋਈ ਸਿੱਖ-ਮਾਨਸਿਕਤਾ, ਜਦੋਂ ਹੁੱਝਾਂ ਮਾਰਦੀ ਸੀ ਤਾਂ ਉਹ ਸਿੱਖ-ਰਾਜ ਦੇ ਉਦਰੇਵੇਂ ਦੀਆਂ ਬਰੂਹਾਂ ਤੇ ਜਾ ਬੈਠਦੇ ਸਨ। ਇਹੋ ਜਿਹੇ ਹਾਲਾਤ ਵਿਚ ਭਾਈ ਵੀਰ ਸਿੰਘ, ਸਿੱਖ-ਜਾਗ੍ਰਿਤੀ ਵਾਸਤੇ ਲੋੜੀਂਦੇ ਸਾਹਿਤ ਦੀ ਸਿਰਜਣਾ ਕਰ ਰਹੇ ਸਨ।

ਭਾਈ ਵੀਰ ਸਿੰਘ ਦੀ ਪਾਲਨਾ ਸਿੱਖੀ ਦੇ ਰੰਗ ਵਿਚ ਰੰਗੇ ਹੋਏ ਪਰਿਵਾਰਕ-ਮਾਹੌਲ ਵਿਚ ਹੋਈ ਸੀ। ਗੁਰਮਤਿ ਨਾਲ ਜੁੜਣ ਦੇ ਉਚੇਚੇ ਯਤਨ, ਉਨ੍ਹਾਂ ਦੇ ਪਰਿਵਾਰ ਵਿਚ ਲਗਾਤਾਰ ਹੁੰਦੇ ਰਹਿੰਦੇ ਸਨ। ਇਹੋ ਜਿਹੇ ਮਾਹੌਲ ਵਿਚ ਹੋਈ ਉਨ੍ਹਾਂ ਦੀ ਮਾਨਸਿਕ-ਘਾੜਤ ਨਾਲ ਗੁਰਮਤਿ ਦੇ ਰੰਗ, ਉਨ੍ਹਾਂ ਦੇ ਬਚਪਨ ਤੋਂ ਹੀ ਉਘੜਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਨੂੰ ਇਹ ਸਮਝ ਆਉਣ ਲੱਗ ਪਿਆ ਸੀ ਕਿ ਸਿੱਖ-ਧਰਮ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ-ਇਤਿਹਾਸ ਦੇ ਦੋ ਕੰਢਿਆਂ ਵਿਚਕਾਰ ਵਹਿੰਦਾ ਸਿੱਖ-ਵਹਿਣ ਹੈ। ਉਨ੍ਹਾਂ ਦਾ ਇਹ ਵਿਸ਼ਵਾਸ ਵੀ ਪੱਕਾ ਹੋ ਗਿਆ ਸੀ ਕਿ ਸਹਿਜ-ਵਹਿਣ ਵਾਸਤੇ ਦੋਹਾਂ ਕੰਢਿਆਂ ਦੀ ਮਜਬੂਤੀ ਜ਼ਰੂਰੀ ਹੁੰਦੀ ਹੈ। ਇਕ ਕੰਢੇ ਦੀ ਕਮਜ਼ੋਰੀ ਨੂੰ ਦੂਜੇ ਕੰਢੇ ਦੀ ਮਜ਼ਬੂਤੀ ਵੀ ਨਹੀਂ ਬਚਾ ਸਕਦੀ। ਇਹੀ, ਸਿਧਾਂਤ ਅਤੇ ਅਮਲ ਦੀ ਇਕਸੁਰਤਾ ਹੈ ਅਤੇ ਇਸ ਨੂੰ ਸਿੱਖ ਧਰਮ ਨੇ ਕੇਂਦਰੀ-ਸਰੋਕਾਰ ਵਾਂਗ ਸਾਹਮਣੇ ਲਿਆਂਦਾ ਹੋਇਆ ਹੈ। ਸਿੱਖ-ਇਤਿਹਾਸ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਸਮਝਣ ਨਾਲ ਹੀ ਠੀਕ ਨਤੀਜੇ ਨਿਕਲ ਸਕਦੇ ਹਨ। ਹਰ ਸਮਕਾਲ ਦੇ ਹਾਣ ਦਾ ਇਹਿਤਾਸ, ਸਿੱਖ ਕੌਮ, ਸਦਾ ਪੈਦਾ ਕਰਦੀ ਰਹੀ ਹੈ ਅਤੇ ਜਿਸ ਸਮਕਾਲ ਵਿਚ ਅਜਿਹਾ ਨਹੀਂ ਹੋਇਆ, ਉਸ ਸਮਕਾਲ ਵਿਚ ਇਤਿਹਾਸ-ਪੂਜਕ ਹੋਣ ਵਰਗੀ ਸਥਿਤੀ ਪੈਦਾ ਹੁੰਦੀ ਰਹੀ ਹੈ। ਸਿੱਖੀ, ਧਾਰਕ-ਮਾਡਲ ਹੈ ਅਤੇ ਇਸ ਵਿਚ ਪੂਜਕ-ਮਾਡਲ ਦੀ ਆਗਿਆ ਨਹੀਂ ਹੈ। ਇਨ੍ਹਾਂ ਦੋਹਾਂ ਨੂੰ ਰਲਗੱਡ ਕਰਾਂਗੇ ਤਾਂ ਇਤਿਹਾਸ ਦਾ ਸਿੱਖ ਅਤੇ ਬਾਣੀ ਦਾ ਸਿੱਖ ਵਰਗੀਆਂ ਕੋਟੀਆਂ ਪੈਦਾ ਹੋ ਜਾਣਗੀਆਂ। ਇਹੋ ਜਿਹੀ ਬੇਲੋੜੀ ਵੰਡ ਨਾਲ ਬਾਣੀ ਅਤੇ ਬਾਣੇ ਦੇ ਤਨਾਉ ਦੀ ਸਿਆਸਤ ਸ਼ੁਰੂ ਹੋ ਜਾਵੇਗੀ। ਵਰਤਮਾਨ ਵਿਚ ਇਹ ਕਿਸੇ ਹੱਦ ਤੱਕ ਵਾਪਰ ਚੁੱਕਾ ਹੈ। ਇਸ ਵੇਲੇ ਇਹ ਲੱਗਣ ਲੱਗ ਪਿਆ ਹੈ ਕਿ ਸਿੱਖ-ਭਾਈਚਾਰੇ ਨੂੰ ਸਿੱਖ-ਸਿਆਸਤ ਨੇ ਸਿੱਖੀ ਨੂੰ ਪ੍ਰਚੰਡ ਕਰਣ ਦੀ ਭੂਮਿਕਾ ਤਾਂ ਮਹਾਰਾਜਾ ਰਣਜੀਤ ਸਿੰਘ ਵਰਗੇ ਰਾਜ ਵੇਲੇ ਵੀ ਨਹੀਂ ਨਿਭਾਈ ਸੀ। ਵਰਤਮਾਨ ਵਿਚ ਬਾਬਾ ਦੀਪ ਸਿੰਘ ਵਾਂਗ ਲੜਾਈ ਨਹੀਂ ਲੜੀ ਜਾ ਸਕਦੀ। ਪਰ ਬਾਬਾ ਦੀਪ ਸਿੰਘ ਦਾ ਬਿੰਬ, ਊਰਜਿਤ ਤਾਂ ਕਰ ਸਕਦਾ ਹੈ। ਭਾਈ ਵੀਰ ਸਿੰਘ ਨੇ ਆਪਣੇ ਨਾਵਲਾਂ ਰਾਹੀਂ ਜੋ ਸਿੱਖ-ਮਾਡਲ ਸਾਹਮਣੇ ਲਿਆਂਦਾ ਹੈ, ਉਸ ਨਾਲ ਇਹ ਪਤਾ ਲੱਗ ਜਾਂਦਾ ਹੈ ਕਿ ਜਿਸ ਸਿੱਖ-ਊਰਜਾ ਦੇ ਆਸਰੇ ਸਿੱਖਾਂ ਵਲੋਂ ਮੱਲਾਂ ਮਾਰੀਆਂ ਗਈਆਂ ਸਨ, ਉਸ ਨੂੰ ਸਿੱਖ-ਸਮਝ ਵਿਚ ਉਤਾਰੇ ਜਾਣ ਦੀ ਲੋੜ, ਹਰ ਸਿੱਖ-ਸਮਕਾਲ ਨੂੰ ਰਹਿੰਦੀ ਵੀ ਹੈ ਅਤੇ ਰਹਿਣੀ ਵੀ ਹੈ। ਅਜਿਹਾ ਕਰਣ ਵਾਸਤੇ ਸਿੱਖ-ਵਿਧੀਆਂ ਵੀ ਸਥਾਪਤ ਹਨ। ਭਾਈ ਵੀਰ ਸਿੰਘ ਨੇ ਇਸ ਵਿਚੋਂ ਸਾਹਿਤਕ-ਵਿਧੀ ਨੂੰ ਵਰਤਿਆ ਸੀ ਅਤੇ ਉਹ ਆਪਣੀ ਗੱਲ ਆਮ ਸਿੱਖਾਂ ਤੱਕ ਲੈਕੇ ਜਾਣ ਵਿਚ ਸਫਲ ਵੀ ਹੋ ਗਏ ਸਨ। ਸਿੰਘ-ਸਭਾ ਦੇ ਟੀਚਿਆਂ ਵਿਚ ਵੀ ਇਹ ਗੱਲ ਸ਼ਾਮਲ ਸੀ। ਪਰ ਜਦੋਂ ਸਿੰਘ-ਸਭਾ ਆਪਣੇ ਏਜੰਡੇ ਨਾਲੋਂ ਵਿਛੜ ਗਈ ਸੀ, ਤਾਂ ਉਸ ਵੇਲੇ ਭਾਈ ਵੀਰ ਸਿੰਘ ਨੇ ਸਿੰਘ-ਸਭਾ ਦੇ ਏਜੰਡੇ ਨੂੰ ਚੀਫ਼

ਖ਼ਾਲਸਾ ਦੀਵਾਨ ਦੇ ਪਲੇਟਫਾਰਮ ਤੋਂ ਸ਼ੁਰੂ ਕਰ ਲਿਆ ਸੀ। ਉਨ੍ਹਾਂ ਨੇ ਉਹੀ ਵਿਧੀ ਵਰਤੀ ਸੀ, ਜਿਸ ਲਈ ਸਪੇਸ ਕਾਇਮ ਸੀ। ਇਹ ਸਪੇਸ "ਪੰਜਾਬ ਰੀਲੀਜੀਅਸ ਬੁੱਕ ਸੁਸਾਇਟੀ" ਦੇ ਨਾਮ ਹੇਠ ਸਮੇਂ ਦੀ ਸਰਕਾਰ ਦੀ ਸਹਾਇਤਾ ਨਾਲ ਈਸਾਈ ਮਿਸ਼ਨਰੀਆਂ ਨੇ ਸ਼ੁਰੂ ਕਰ ਰੱਖੀ ਸੀ। ਬਾਈ ਸਾਲ ਦੀ ਉਮਰ (1894) ਵਿਚ ਭਾਈ ਸਾਹਿਬ ਨੇ, ਇਸ ਪ੍ਰਾਪਤ-ਪੈਟਰਨ ਨੂੰ ਵਰਤਦਿਆਂ "ਖਾਲਸਾ ਟ੍ਰੈਕਟ ਸੁਸਾਇਟੀ" ਕਾਇਮ ਕਰ ਲਈ ਸੀ। ਇਸ ਸੁਸਾਇਟੀ ਵਲੋਂ ਛਾਪਕੇ ਵੰਡੇ ਜਾਣ ਵਾਲੇ ਪੈਂਫਲਿਟਾਂ ਨੂੰ ਸੁਜੱਗ ਸਿੱਖਾਂ ਦੀ ਕਮੇਟੀ ਵਲੋਂ ਨਿਰਖਿਆ ਪਰਖਿਆ ਜਾਂਦਾ ਸੀ। ਭਾਈ ਸਾਹਿਬ ਨੇ ਆਪਣੇ ਨਾਵਲਾਂ ਦੀ ਸ਼ੁਰੂਆਤ ਪੈਂਫਲਿਟ ਰੂਪ ਵਿਚ ਹੀ ਕੀਤੀ ਸੀ। ਕਿਸ਼ਤਾਂ ਵਿਚ ਛਪੇ ਪੈਂਫਲਿਟਾਂ ਨੂੰ "ਸੁੰਦਰੀ" ਨਾਵਲ ਦੇ ਰੂਪ ਵਿਚ ਛਾਪਿਆ ਗਿਆ ਸੀ। ਸਿੱਖ-ਸਾਹਿਤ ਦਾ ਪਾਠਕ-ਵਰਗ ਤਿਆਰ ਕਰਨ ਵਿਚ ਪੈਂਫਲਿਟਾਂ ਨੇ ਅਹਿਮ ਭੂਮਿਕਾ ਨਿਭਾਈ ਸੀ। ਇਨ੍ਹਾਂ ਪੈਂਫਲਿਟਾਂ ਦਾ ਮੁਖ ਕਰਤਾ ਬੇਸ਼ੱਕ ਭਾਈ ਵੀਰ ਸਿੰਘ ਸੀ, ਪਰ ਇਸ ਟ੍ਰੈਕਟ-ਵਿਧੀ ਨੂੰ ਹੋਰ ਲੇਖਕਾਂ ਨੇ ਵੀ ਖੂਬ ਵਰਤਿਆ ਸੀ। ਇਹ ਇਸ ਲਈ ਦੁਹਰਾ ਰਿਹਾ ਹਾਂ ਕਿਉਂਕਿ ਵਰਤਮਾਨ ਵਿਚ ਇਸ ਵਿਧੀ ਨੂੰ ਮੁੜ ਸੁਰਜੀਤ ਕੀਤੇ ਜਾਣ ਦੀ ਲੋੜ ਹੈ। ਅਜਿਹਾ ਕਰਨ ਤੋਂ ਪਹਿਲਾਂ ਇਸ ਦੀ ਪਲਾਨਿੰਗ ਅਤੇ ਪ੍ਰੋਗਰਾਮਿੰਗ ਕਰਦਿਆਂ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ 21ਵੀਂ ਸਦੀ ਦੀਆਂ ਦਰਪੇਸ਼ ਚੁਣੌਤੀਆਂ ਨਾਲ ਕਿਵੇਂ ਨਿਪਟਿਆ ਜਾ ਸਕਦਾ ਹੈ?

ਭਾਈ ਵੀਰ ਸਿੰਘ ਨੇ 18ਵੀਂ ਸਦੀ ਦੇ ਸਿੱਖ ਇਤਿਹਾਸ ਨੂੰ ਵਰਤਣ ਵੇਲੇ ਗੁਰਸਿੱਖ-ਔਰਤ ਦੀ ਭੂਮਿਕਾ ਦੀਆਂ ਸੰਭਾਵਨਾਂ ਨੂੰ ਸਾਹਮਣੇ ਲਿਆਂਦਾ ਸੀ। ਸੁੰਦਰੀ ਅਤੇ ਸਤਵੰਤ ਕੌਰ ਇਸ ਸਥਿਤੀ ਦੀਆਂ ਪ੍ਰਤੀਨਿਧ ਹਨ। ਇਸ ਵੇਲੇ ਹਾਲਾਤ 18ਵੀਂ ਸਦੀ ਵਾਲੇ ਬੇਸ਼ੱਕ ਨਹੀਂ ਹਨ। ਪਰ ਇਸ ਵੇਲੇ ਤਾਂ ਇਹ ਸੋਚਿਆ ਜਾਣਾ ਚਾਹੀਦਾ ਹੈ ਕਿ ਬਹੁ-ਸਭਿਆਚਾਰਕ ਭਾਈਚਾਰਿਆਂ ਦਾ ਹਿੱਸਾ ਹੋ ਗਏ ਸਿੱਖ-ਭਾਈਚਾਰੇ ਨੂੰ ਕਿਵੇਂ ਸੰਭਾਲਕੇ ਅੱਗੇ ਤੋਰਨਾ ਹੈ? ਸਿਰ ਜੋੜਕੇ ਸੋਚਾਂਗੇ ਤਾਂ ਭਾਈ ਵੀਰ ਸਿੰਘ ਵਲੋਂ ਵਰਤੀਆਂ ਵਿਧੀਆਂ ਦੀ ਨਿਰੰਤਰਤਾ ਵਿਚ ਹੱਲ ਨਿਕਲ ਆਵੇਗਾ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰੱਖਣਾ ਪਵੇਗਾ ਕਿ ਭਾਈ ਵੀਰ ਸਿੰਘ ਨੇ ਸਿੱਖੀ ਉੱਤੇ ਬਾਹਰੋਂ ਹੋ ਰਹੇ ਹਮਲਿਆਂ ਦੇ ਪ੍ਰਸੰਗ ਵਿਚ ਮੁਹਿੰਮ ਚਲਾਈ ਸੀ, ਪਰ ਇਸ ਵੇਲੇ ਤਾਂ ਬਾਹਰ ਨਾਲੋਂ ਅੰਦਰੋਂ ਹਮਲੇ, ਵਧ ਹੋ ਰਹੇ ਹਨ। ਪੰਥ, ਦੁਸ਼ਮਨਾਂ ਨਾਲ ਲੜਦਾ ਹੋਇਆ ਕਦੇ ਨਹੀਂ ਹਾਰਿਆ, ਪਰ ਆਪਣਿਆਂ ਦੇ ਹਮਲਿਆਂ ਅੱਗੇ ਲਗਾਤਾਰ ਹਾਰਦਾ ਆ ਰਿਹਾ ਹੈ। ਭਾਈ ਵੀਰ ਸਿੰਘ ਦੀਆਂ ਲਿਖਤਾਂ ਨੂੰ ਧਿਆਨ ਨਾਲ ਪੜ੍ਹਾਂਗੇ ਤਾਂ ਇਹ ਸਚਾਈ ਸਾਹਮਣੇ ਆ ਜਾਏਗੀ ਕਿ ਉਨ੍ਹਾਂ ਵਲੋਂ ਵਰਤੀਆਂ ਗਈਆਂ ਵਿਧੀਆਂ ਵਿਚੋਂ ਸਿਆਸੀ-ਵਿਧੀ ਗੁੰਮ ਹੈ। ਅਜਿਹਾ ਉਨ੍ਹਾਂ ਨੇ ਕਿਸੇ ਮਜ਼ਬੂਰੀ ਵਿਚ ਨਹੀਂ ਕੀਤਾ ਸੀ ਅਤੇ ਇਹ ਉਨ੍ਹਾਂ ਦੀ ਚੇਤੰਨ-ਚੋਣ ਸੀ।

ਪ੍ਰਾਪਤ ਅੰਦਰਦ੍ਰਿਸ਼ਟੀਆਂ ਦੀ ਰੌਸ਼ਨੀ ਵਿਚ ਇਹ ਸਚਾਈ ਸਾਹਮਣੇ ਆ ਚੁੱਕੀ ਹੈ ਕਿ ਜਦੋਂ ਧਰਮ ਅਤੇ ਸਭਿਆਚਾਰ, ਇਕ ਦੂਜੇ ਨੂੰ ਨਾਲ ਲੈਕੇ ਤੁਰਨ ਦੀ ਥਾਂ, ਇਕ ਦੂਜੇ ਵਲ ਪਿੱਠ ਕਰ ਲੈਂਦੇ ਹਨ ਤਾਂ ਸਮਾਜ ਵਿਚ ਆਪਾਧਾਪੀ ਤੇ ਬੇਭਰੋਸਗੀ ਵਧ ਜਾਂਦੀ ਹੈ। ਇਸ ਹਾਲਤ ਵਿਚ ਧਰਮ ਅੰਦਰ ਇਕਾਂਤਕ ਇਕਹਿਰਾਪਨ ਵਧਣ ਲੱਗ ਜਾਂਦਾ ਹੈ। ਇਹ ਗੱਲ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦੇ ਆਧਾਰ ਤੇ ਕਹਿ ਰਿਹਾ ਹਾਂ। ਇਸ ਨਾਲ ਧਰਮ ਦਾ ਵਰਤਮਾਨ ਗੁਆਚਣ ਵਾਲੇ ਰਾਹੇ ਪੈ ਜਾਂਦਾ ਰਿਹਾ ਹੈ। ਇਸ ਦਾ ਨਤੀਜਾ ਭੈਅ-ਮੂਲਕ ਕਰਮਾਂ ਅਤੇ ਅਗਿਆਨ-ਕਲਪਿਤ ਬੰਧਨਾਂ ਵਿਚ ਨਿਕਲਦਾ ਰਿਹਾ ਹੈ। ਇਸ ਦੀ ਧਰਾਤਲ, ਭੂਤ ਦਾ ਭੈਅ ਅਤੇ ਭੱਵਿਖ ਦਾ ਲਾਰਾ ਰਹੀ ਹੈ ਅਤੇ ਇਸ ਨਾਲ ਉਹੀ ਹਾਲਾਤ ਪੈਦਾ ਹੋ ਜਾਂਦੇ ਰਹੇ ਹਨ, ਜਿਸ ਦਾ ਹਵਾਲਾ "ਆਸਾ ਦੀ ਵਾਰ" ਵਿਚ ਆਉਂਦਾ ਹੈ। "ਹਨੇਰੇ ਰਾਹ ਨ ਕੋਈ" ਵਿਚੋਂ ਭਾਈ ਵੀਰ ਸਿੰਘ ਮਾਰਗ-ਦਰਸ਼ਕ ਵਾਂਗ "ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ਦੇ ਰਾਹ ਤੇ ਆਪਣੇ ਪਾਠਕ ਨੂੰ ਤੋਰ ਲੈਂਦਾ ਹੈ (ਵਿਸਥਾਰ ਲਈ ਪੜੋ, ਸੁਭਾਗ ਜੀ ਦਾ ਸੁਧਾਰ ਹਥੀਂ ਬਾਬਾ ਨੌਧ ਸਿੰਘ) ਇਸ ਨਾਲ ਇਹ ਭਰੋਸਾ ਪੈਦਾ ਹੋਣ ਲਗ ਪੈਂਦਾ ਹੈ ਕਿ ਇਸ ਰਾਹ ਤੇ ਸਿੱਖ ਤੁਰਦੇ ਰਹੇ ਹਨ ਅਤੇ ਇਸ ਰਾਹ ਤੇ ਤੁਰਿਆ ਜਾ ਸਕਦਾ ਹੈ। ਇਹੀ ਸਿੱਖ-ਸਮਕਾਲ ਦੀ ਘਾੜਤ ਹੈ ਅਤੇ ਇਸ ਉੱਤੇ ਗੁਰਬਾਣੀ ਦੀ ਰੌਸ਼ਨੀ ਵਿਚ ਤੁਰਦੇ ਰਹਿਣ ਦਾ ਰਾਹ, ਭਾਈ ਸਾਹਿਬ ਦੇ ਰਚਨਾ-ਸੰਸਾਰ ਦੀ ਚੂਲ ਹੈ। ਜਿਹੜੇ ਧਰਮ, ਆਪਣੇ ਪੈਰੋਕਾਰਾਂ ਤੱਕ ਮਹਿਦੂਦ ਰਹਿੰਦੇ ਹਨ, ਉਨ੍ਹਾਂ ਨੂੰ ਬੰਦ ਧਰਮਾਂ ਦੀ ਕੋਟੀ ਵਿਚ ਗਿਣਿਆ ਜਾਂਦਾ ਹੈ। ਸਿੱਖ ਧਰਮ ਨੇ ਧਰਮ ਦਾ ਖੁਲ੍ਹਾ-ਰਾਹ ਸਾਹਮਣੇ ਲਿਆਂਦਾ ਹੈ ਕਿਉਂਕਿ ਇਸ ਉੱਤੇ ਕੋਈ ਵੀ ਤੁਰ ਸਕਦਾ ਹੈ। ਇਸ ਰਾਹ ਉੱਤੇ ਤੁਰਨ ਦਾ ਮੌਕਾ ਦੇਣ ਦੀ ਸਜ਼ਾ, ਸੁੰਦਰੀ ਅਤੇ ਸਤਵੰਤ ਕੌਰ ਨੂੰ ਭੁਗਤਣੀ ਪੈਂਦੀ ਹੈ। ਪਰ ਉਹ ਦਰਪੇਸ਼ ਦੁਸ਼ਵਾਰੀਆਂ ਨਾਲ ਜੂਝਕੇ, ਸਫ਼ਲਤਾ ਪ੍ਰਾਪਤ ਕਰਦੀਆਂ ਹਨ। ਉਹ ਜਾਣਦੀਆਂ ਹਨ ਕਿ ਬੁਰਾਈ ਨੂੰ ਬੁਰਾਈ ਨਾਲ ਹਰਾਉਣਾ, ਅੱਗ ਨੂੰ ਅੱਗ ਨਾਲ ਬੁਝਾਉਣ ਵਾਂਗ ਹੈ। ਨੰਗੀ ਅੱਖ ਨੂੰ ਬੇਸ਼ੱਕ ਇਹ "ਜੂਝ ਮਰਉਂ ਤਉ ਸਾਚੁ ਪਤੀਜੈ" ਦੀ ਇਤਿਹਾਸਕਤਾ ਲਗੇਗੀ, ਪਰ ਅਸਲ ਵਿਚ ਇਹ ਲਹੂ ਵਿਚ ਰਚੀ ਹੋਈ ਸਿੱਖ-ਉਰਜਾ ਦੀ ਜਿੱਤ ਹੈ। ਇਸੇ ਦੀਆਂ ਸਮਾਜਿਕ ਪਰਤਾਂ "ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ" ਵਿਚ ਸਾਹਮਣੇ ਆ ਗਈਆਂ ਹਨ। ਭਾਈ ਸਾਹਿਬ ਦੇ ਨਾਵਲ, 18ਵੀਂ ਸਦੀ ਦੇ ਸਿੱਖ-ਸੰਘਰਸ਼ ਨੂੰ ਲੈਕੇ ਲਿਖੇ ਗਏ ਸਨ ਅਤੇ ਇਨ੍ਹਾਂ ਵਿਚ ਸਿੱਖਾਂ ਦੀ ਉਰਜਿਤ-ਬਚਨਬੱਧਤਾ ਅਤੇ ਸੁਸਿਖਿਅਤ-ਫੌਜਾਂ ਵਿਚਕਾਰ ਸੰਘਰਸ਼ ਨੂੰ ਸਿੱਖ ਅਤੇ ਗ਼ੈਰ-ਸਿੱਖ ਪਾਤਰਾਂ ਰਾਹੀਂ ਉਸਾਰਿਆ

ਗਿਆ ਹੈ। ਇਸ ਨਾਲ ਬੇਜੋੜ-ਮੁਕਾਬਲੇ ਦੇ ਬੇਮਿਸਾਲ-ਨਤੀਜੇ ਸਾਹਮਣੇ ਆ ਗਏ ਹਨ। ਲਏ ਹੋਏ ਇਤਿਹਾਸਕ ਵੇਰਵਿਆਂ ਨੂੰ ਬਾਣੀ ਨਾਲ ਜੋੜਕੇ ਕਿਵੇਂ ਪੇਸ਼ ਕਰਨਾ ਹੈ, ਇਸ ਦੇ ਵੇਰਵੇ ਵੀ ਭਾਈ ਸਾਹਿਬ ਦੇ ਨਾਵਲਾਂ ਵਿਚ ਆ ਗਏ ਹਨ। "ਬਾਬਾ ਨੌਧ ਸਿੰਘ" ਵਿਚ "ਗੁਰਮਤਿ ਦੀ ਵਿਦਯਾ ਵਿਚ ਸਿੱਖਿਆ ਪਾ ਰਹੀ" ਸੁਭਾਗ ਨੂੰ ਹੋਏ ਸਵਾਲ ਕਿ ਅਨਪੜ੍ਹ ਹੋਕੇ ਵੀ ਇੰਨੀਆਂ ਸਿਆਣੀਆਂ ਗੱਲਾਂ ਕਿਥੋਂ ਸਿੱਖੀਆਂ ਹਨ, ਇੰਗਲੈਂਡ ਦੀ ਪੜ੍ਹੀ ਲਿਖੀ ਬ੍ਰਿਸਟਰਾਨੀ ਨੂੰ ਦੱਸਦੀ ਹੈ- "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਨਣੇ ਵਿਚ ਟੁਰਨ ਵਾਲੇ, ਪਿੰਡਾਂ ਵਿਚ ਰਹਿਣ ਵਾਲੇ ਸਿੱਖਾਂ ਦੇ ਜੀਵਨ ਕਿਸ ਸੱਚੇ ਵਿਚ ਢਲ ਗਏ ਹਨ ਕਿ ਜਿਨ੍ਹਾਂ ਨੇ ਸੱਚ ਮੁੱਚ ਗੁਰਬਾਣੀ ਨੂੰ ਸਮਝਣ ਦਾ ਹੀਲਾ ਕੀਤਾ ਹੈ ਤੇ ਸਮਝੀ ਗਲ ਉੱਤੇ ਅਮਲ ਕੀਤਾ ਹੈ" (87,2010)।

ਸੰਸਥਾਵਾਂ, ਜੇ ਆਪਣੇ ਸ੍ਰੋਤ ਨਾਲੋਂ ਟੁੱਟਕੇ ਪ੍ਰਬੰਧਕੀ-ਈਜਾਰੇਦਾਰੀ ਦਾ ਸ਼ਿਕਾਰ ਹੋ ਜਾਣ ਤਾਂ ਸੰਸਥਾਈ-ਅਪਹਰਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਸੰਸਥਾਵਾਂ, ਜਦੋਂ ਆਪਣੀਆਂ ਚਾਰਦੀਵਾਰੀਆਂ ਵਿਚ ਸਿਮਟ ਜਾਂਦੀਆਂ ਹਨ ਤਾਂ ਸੰਸਥਾਈ-ਨੈਤਿਕਤਾ ਦੀ ਥਾਂ ਸੰਸਥਾਈ-ਅਹੁਦੇਦਾਰੀਆਂ ਨੂੰ ਮਿਲ ਜਾਂਦੀ ਹੈ। ਇਸ ਸਥਿਤੀ ਵਿਚ ਸਬੰਧਤ ਧਰਮ ਦੀਆਂ ਦੁਸ਼ਵਾਰੀਆਂ ਵੱਧ ਜਾਂਦੀਆਂ ਹਨ। ਇਸ ਹਾਲਤ ਵਿਚ ਲੋੜੀਂਦੀ ਜਾਗ੍ਰਿਤੀ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ, ਗੁਰਮਤਿ ਦੀਆਂ ਆਧਾਰ-ਸੰਸਥਾਵਾਂ ਵਾਂਗ ਨਿਰੰਤਰ ਭੂਮਿਕਾ ਨਿਭਾਉਂਦੇ ਰਹੇ ਹਨ। ਇਨ੍ਹਾਂ ਤਿੰਨਾਂ ਵਾਸਤੇ ਸਿੱਖ-ਭਾਈਚਾਰੇ ਅੰਦਰ ਵਿਸ਼ਵਾਸ਼ ਸਦਾ ਹੀ ਬਣਿਆ ਰਿਹਾ ਹੈ। ਇਨ੍ਹਾਂ ਤਿੰਨਾਂ ਦਾ ਅਪਹਰਣ ਹੁੰਦਾ ਵੀ ਰਿਹਾ ਹੈ ਅਤੇ ਹੋ ਵੀ ਸਕਦਾ ਹੈ। ਪਰ ਇਹ ਅਪਹਰਣ, ਇਨ੍ਹਾਂ ਨਾਲ ਜੁੜੇ ਸਿੱਖ-ਵਿਸ਼ਵਾਸ਼ ਨੂੰ ਡੁਲਾਉਂਦਾ ਤਾਂ ਰਿਹਾ ਹੈ, ਪਰ ਕਦੇ ਖ਼ਤਮ ਨਹੀਂ ਕਰ ਸਕਿਆ। ਏਸੇ ਕਰਕੇ ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਅਪਹਰਣ ਕਦੇ ਕਿਸੇ ਨੂੰ ਫਲਿਆ ਵੀ ਨਹੀਂ ਹੈ। ਇਹ ਤਿੰਨੇ ਆਪਣੇ ਵਾਰਸਾਂ ਨੂੰ ਉਡੀਕਦੀਆਂ ਵੀ ਹਨ ਅਤੇ ਮਾਰਗ-ਦਰਸ਼ਨ ਵੀ ਕਰਦੀਆਂ ਹਨ। ਸਿੱਖ ਤੋਂ, ਇਨ੍ਹਾਂ ਸੰਸਥਾਵਾਂ ਤੱਕ ਚੱਲਕੇ ਜਾਣ ਦੀ ਤਵੱਕੋ ਕੀਤੀ ਜਾਂਦੀ ਰਹੀ ਹੈ। ਮਿਸਲ-ਮਾਡਲ, ਵੈਸਾਖੀ ਅਤੇ ਦੀਵਾਲੀ ਅਕਾਲ ਤਖ਼ਤ ਸਾਹਿਬ ਤੇ ਚੱਲਕੇ ਜਾਣ ਦੀ ਵਿਧੀ ਨਾਲ ਜੁੜਿਆ ਹੋਇਆ ਸੀ। ਵੱਡੇ ਘਲੂਘਾਰੇ ਦੀ ਇਕ ਸ਼ਾਮ ਨੂੰ, ਜਦੋਂ ਹਰ ਪੱਗ-ਬੰਨ੍ਹ ਫਟੜ ਹੋ ਚੁੱਕਾ ਸੀ, ਫੱਟੜ ਅਤੇ ਥੱਕੇ ਸਿੱਖਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਇਹ ਅਰਦਾਸ ਕੀਤੀ ਗਈ ਸੀ-"ਸੱਚੇ ਪਾਤਸ਼ਾਹ! ਚਾਰ ਪਹਿਰ ਦਿਨ ਤੇਰੇ ਭਾਣੇ ਵਿਚ ਬਤੀਤ ਹੋਇਆ ਹੈ, ਆਈ ਚਾਰ ਪਹਿਰ ਰੈਣ ਤੇਰੇ ਭਾਣੇ ਵਿਚ ਬਤੀਤ ਹੋਵੇ"। ਇਹ ਸਾਰੀਆਂ ਸਿੱਖ-ਪਰਤਾਂ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਆ ਗਈਆਂ ਹਨ। ਭਾਈ ਵੀਰ ਸਿੰਘ ਵਲੋਂ ਸਾਹਮਣੇ ਲਿਆਂਦੇ ਗਏ ਇਸ ਸਿੱਖ-ਮਾਡਲ ਨੂੰ ਸਿੱਖ ਆਗੂਆਂ ਨੇ ਵਰਤਣਾ ਤਾਂ ਕੀ ਸੀ, ਇਸ ਦੀ ਚੇਤਨਾ ਵੀ ਸਿੱਖ ਆਗੂਆਂ ਵਿਚੋਂ ਗੁੰਮ ਗਈ ਲੱਗਣ ਲੱਗ ਪਈ ਹੈ।

ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਇਥੋਂ ਤੱਕ ਅਸੀਂ ਰਾਤੋ ਰਾਤ ਨਹੀਂ ਪਹੁੰਚੇ ਕਿਉਂਕਿ ਇਥੇ ਪਹੁੰਚਣ ਵਾਲੇ ਰਾਹ ਅਸੀਂ ਬਹੁਤ ਦੇਰ ਦੇ ਪਏ ਹੋਏ ਹਾਂ। ਲੇਖਕ, ਆਪਣੀ ਲਿਖਤ ਵਿਚ ਹਲੂਲ ਹੋਕੇ ਮਨਫੀ ਲੱਗਣ ਲੱਗੇ, ਤਾਂ ਹੀ ਲਿਖਤ, ਲਿਖਤ ਬਣਦੀ ਹੈ। ਲਿਖਤ ਨੂੰ ਮਾਧਿਅਮ ਤਾਂ ਹੋਣਾ ਹੀ ਪੈਂਦਾ ਹੈ, ਪਰ ਲਿਖਤ, ਲੇਖਕ ਦੀ ਢੰਢੋਰਚੀ ਨਹੀਂ ਹੋਣੀ ਚਾਹੀਦੀ। ਭਾਈ ਵੀਰ ਸਿੰਘ ਮੈਨੂੰ ਇਹੋ ਜਿਹਾ ਲੇਖਕ ਲੱਗਦਾ ਹੈ, ਜਿਹੜਾ ਲਿਖਤ ਅਤੇ ਪਾਠਕ ਦੇ ਵਿਚਕਾਰ ਨਹੀਂ ਆਉਂਦਾ। ਉਨ੍ਹਾਂ ਦੀ ਵਾਰਤਕ ਤਾਂ ਨਿਰਸੰਦੇਹ ਇਹ ਕਹਿੰਦੀ ਲੱਗਦੀ ਹੈ ਕਿ ਆਉ ਮੈਂ ਤੁਹਾਨੂੰ ਦੱਸਾਂ ਕਿ ਸਿੱਖਾਂ ਨੇ ਸਿੱਖੀ ਨੂੰ ਕਿਵੇਂ ਜੀਵਿਆ ਹੈ। ਜੇ ਤੁਹਾਨੂੰ ਸਿੱਖਾਂ ਦਾ ਜੀਵਿਆ ਚੰਗਾ ਲੱਗਾ ਤਾਂ ਤੁਸੀਂ ਵੀ ਉਨ੍ਹਾਂ ਵਾਂਗ ਜਿਊਣ ਦੀ ਕੋਸ਼ਿਸ਼ ਜ਼ਰੂਰ ਕਰਨਾ। ਇਸ ਨਾਲ ਮੈਂ ਇਹ ਕਹਿ ਰਿਹਾ ਹਾਂ ਕਿ ਸਾਨੂੰ ਬਾਬਾ ਦੀਪ ਸਿੰਘ ਬਹੁਤ ਚੰਗੇ ਲੱਗਦੇ ਹਨ, ਪਰ ਅਸੀਂ ਉਨ੍ਹਾਂ ਵਰਗੇ ਬਣ ਵੀ ਨਹੀਂ ਸਕਦੇ ਅਤੇ ਬਨਣਾ ਚਾਹੁੰਦੇ ਵੀ ਨਹੀਂ? ਜੋ ਸਾਡੇ ਵਸੋਂ ਬਾਹਰ ਹੈ, ਉਹ ਬਾਬਾ ਦੀਪ ਸਿੰਘ ਦੇ ਦੇਹੀ-ਸਰੋਕਾਰ ਹਨ। ਉਨ੍ਹਾਂ ਵਾਂਗ ਤਾਂ ਉਨ੍ਹਾਂ ਦੇ ਨਾਲ ਤੁਰੇ ਹੋਏ ਵੀ ਨਹੀਂ ਕਰ ਸਕੇ ਸਨ। ਪਰ ਉਨ੍ਹਾਂ ਦੇ ਬਿੰਬ ਰਾਹੀਂ ਜਿਸ ਕਿਸਮ ਦੀ ਆਪਾ-ਵਾਰੂ ਬਚਨਬੱਧਤਾ ਸਾਹਮਣੇ ਆ ਗਈ ਹੈ, ਉਸ ਨੂੰ ਮਾਡਲ ਵਜੋਂ ਤਾਂ ਅਪਨਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਕ ਮਿਸਾਲ ਡਾ. ਆਈ. ਜੇ. ਸਿੰਘ (ਅਮਰੀਕਾ) ਦੇ ਹਵਾਲੇ ਨਾਲ ਦੇਣਾ ਚਾਹੁੰਦਾ ਹਾਂ। ਸਰਬੱਤ-ਖ਼ਾਲਸਾ, ਕਿਵੇਂ ਹੋਵੇ? ਇਹ ਵੱਡੀ ਸਮੱਸਿਆ ਬਣੀ ਹੋਈ ਹੈ। ਡਾ. ਸਿੰਘ ਮੁਤਾਬਿਕ ਇਹ ਮਿਸਲ-ਮਾਡਲ ਨੂੰ ਵਰਤੀਏ ਤਾਂ ਸੰਭਵ ਹੋ ਸਕਦਾ ਹੈ। ਜਿਵੇਂ ਮਿਸਲਾਂ ਅਕਾਲ ਤਖ਼ਤ ਤੇ ਇਕੱਠੀਆਂ ਹੁੰਦੀਆਂ ਸਨ, ਉਵੇਂ ਹੀ ਵੱਖ-ਵੱਖ ਖਿੱਤਿਆਂ ਅਤੇ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧ-ਸਿੱਖਾਂ ਨੂੰ ਅਕਾਲ ਤਖ਼ਤ ਸਾਹਿਬ ਉੱਤੇ ਇਕੱਠਿਆਂ ਕੀਤਾ ਜਾ ਸਕਦਾ ਹੈ (ਸਿੱਖ ਰੀਵੀਊ ਕਲਕੱਤਾ)। ਭਾਈ ਵੀਰ ਸਿੰਘ ਦੀਆਂ ਲਿਖਤਾਂ ਇਹ ਚੇਤਨਾ, ਪ੍ਰਚੰਡ ਕਰਦੀਆਂ ਹਨ ਕਿ ਗੁਰਮਤਿ ਨੂੰ ਕਿਸੇ ਵੀ ਸਮਕਾਲ ਦੀ ਮਾਨਸਿਕਤਾ ਮੁਤਾਬਿਕ ਢਾਲਕੇ ਪੇਸ਼ ਕਰਣ ਨਾਲ ਹੀ ਲੋੜੀਂਦੇ ਨਤੀਜਿਆਂ ਤੱਕ ਪਹੁੰਚਿਆ ਜਾ ਸਕਦਾ ਹੈ।

ਕੌਮੀਅਤਾਂ ਨਾਲ ਨ ਕੁਝ ਸ਼ੁਰੂ ਹੁੰਦਾ ਹੈ ਅਤੇ ਨ ਹੀ ਕੌਮੀਅਤਾਂ ਨਾਲ ਕੁਝ ਵੀ ਸੰਤੋਖਿਆ ਜਾ ਸਕਦਾ ਹੈ। ਸਿੱਖ ਪ੍ਰਸੰਗ ਵਿਚ ਕੌਮੀਅਤ, ਸੰਗਤੀ-ਮਾਡਲ ਵਿਚੋਂ ਪੈਦਾ ਹੋਈ ਸਾਂਝੀ-ਸਮਝ ਤੇ ਆਧਾਰਤ ਭਾਈਚਾਰਾ ਹੈ, ਸਿੱਖ-ਪਾਂਧੀਆਂ ਦਾ ਪੈਂਡਾ ਹੈ ਅਤੇ ਬਚਨਬੱਧ-ਭਾਈਚਾਰੇ ਦਾ ਸਕਰਮਕ-ਸਮਰਪਣ ਹੈ। ਇਸ ਵਿਚ ਬਲਵਾਨ ਸੁਰਤਿ ਅਤੇ ਚੜ੍ਹਦੀ ਕਲਾ ਵਾਲੀ ਮਾਨਸਿਕਤਾ ਦੀ

ਲੋੜ ਪੈਂਦੀ ਹੈ। ਇਹ ਇਕਵਾਰਗੀ-ਵਰਤਾਰਾ ਨਹੀਂ ਹੈ ਕਿਉਂਕਿ ਇਹ ਨਿਰੰਤਰ ਵਹਿਣ ਵਾਲਾ ਸਿੱਖ-ਵਹਾਅ ਹੈ। ਏਸੇ ਲਈ ਇਸ ਨੂੰ ਸਦਾ-ਸੱਜਰਾ ਰੱਖਣ ਲਈ, ਨਿੱਤ ਘੜਿਆ ਜਾਣਾ ਹੈ। ਇਹ ਵਿਧੀ, ਪੰਜ ਬਾਣੀਆਂ ਦੇ ਪਾਠ ਨੂੰ "ਚਲੀਹੇ" ਨਾਲੋਂ ਨਿਖੇੜਦੀ ਹੈ। ਇਸ ਦੀ ਪੁਸ਼ਟੀ ਸਿੱਖ-ਰਹਿਤ ਦੁਆਰਾ ਵੀ ਹੋ ਸਕਦੀ ਹੈ। ਭਾਈ ਵੀਰ ਸਿੰਘ ਨੇ ਇਸ ਨੂੰ ਇਸ ਤਰ੍ਹਾਂ ਵਿਆਖਿਅਤ ਕੀਤਾ ਹੋਇਆ ਹੈ:

**ਸਿੱਖੀ ਹੈ ਬਲਵਾਨ ਕਰਣਾ ਸੁਰਤਿ ਨੂੰ।**
**ਚੜ੍ਹਦੀ ਕਲਾ ਨਿਵਾਸ ਸਦ ਹੀ ਰੱਖਣਾ।**

ਗੁਰਮਤਿ ਦੀ ਸਿੱਖ-ਕੇਂਦਰਤ ਪਰਤ ਦਾ ਪ੍ਰਗਟਾਵਾ ਇਸ ਟੂਕ ਵਿਚ ਹੋ ਗਿਆ ਹੈ। ਇਥੋਂ ਤੱਕ ਮਹਿਦੂਦ ਹੋ ਜਾਣ ਦੀ ਆਗਿਆ, ਸਿੱਖ ਇਤਿਹਾਸ ਤਾਂ ਦੇਂਦਾ ਹੈ, ਪਰ ਗੁਰਬਾਣੀ ਦੀ ਸਾਰਿਆਂ ਨੂੰ ਨਾਲ ਲੈ ਕੇ ਤੁਰਨ ਵਾਲੀ ਵਿਧੀ ਵਿਚ, ਮਹਿਦੂਦ ਹੋ ਜਾਣ ਦੀ ਆਗਿਆ ਨਹੀਂ ਹੈ। ਇਸ ਦਾ ਕਾਰਣ ਇਹ ਹੈ ਕਿ ਗੁਰਮਤਿ ਦੇ ਸਾਹਿਤਕ ਅਤੇ ਦਾਰਸ਼ਨਿਕ ਪ੍ਰਸੰਗ ਹੱਦਬੰਦੀਆਂ ਨੂੰ ਤੋੜਦੇ ਹਨ। ਇਸ ਦ੍ਰਿਸ਼ਟੀ ਤੋਂ ਭਾਈ ਵੀਰ ਸਿੰਘ ਦੀ ਇਹ ਰਾਏ ਠੀਕ ਹੈ ਕਿ "ਇਤਿਹਾਸ ਦੀ ਥਾਂ ਹੈ ਅਰ ਸਨਮਾਨਯੋਗ ਥਾਂ ਹੈ। ਅਤੇ ਸਿੱਖ ਧਰਮ ਦਾ ਆਪਣਾ ਇਤਿਹਾਸ ਹੈ ਤੇ ਉਸ ਦਾ ਨੇੜੇ ਦਾ ਸਬੰਧ ਧਰਮ ਨਾਲ ਹੈ। ਗਲ ਕੇਵਲ ਏਤਨੀ ਹੈ ਕਿ ਸਿੱਖ ਈਮਾਨ ਨਿਰਾ ਇਤਿਹਾਸ ਮੂਲਕ ਜਾਂ ਇਤਿਹਾਸ ਆਸ਼੍ਰਿਤ ਈਮਾਨ ਨਹੀਂ ਹੈਂ" (28,1989, ਵਿਸਥਾਰ ਲਈ ਵੇਖੋ ਮੁਖਬੰਧ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)।

ਸਿੱਖ-ਚਿੰਤਨ ਵਿਚ ਸਿਧਾਂਤ ਅਤੇ ਅਮਲ ਨੂੰ ਇਕੱਠਿਆਂ ਤੋਰਨ ਦੀ ਵਿਧੀ ਦੱਸੀ ਹੋਈ ਹੈ ਅਤੇ ਇਹ ਵਿਧੀ- "ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ" ਦੀ ਹੈ। "ਸਗਲੀ ਚਿੰਤ" ਨੂੰ ਮਿਟਾਉਣ ਵਾਸਤੇ "ਸਰਬੱਤ ਦੇ ਭਲੇ" ਵਾਲੀ ਮਾਨਸਿਕਤਾ ਪੈਦਾ ਕਰਣ ਦਾ ਗਾਡੀ-ਰਾਹ, ਗੁਰਮਤਿ ਕਹਾਉਂਦਾ ਹੈ। ਵਿਰੋਧਾਂ ਵਿਚਕਾਰ ਸੰਗਮ ਪੈਦਾ ਕਰਣ ਵਾਲੀ ਵਿਧੀ ਨਾਲ, ਜੋ ਸੰਬਾਦ-ਮਾਡਲ ਸਿੱਖ-ਧਰਮ ਨੇ ਸਾਹਮਣੇ ਲਿਆਂਦਾ ਹੋਇਆ ਹੈ, ਉਸ ਦੀ ਪੁਸ਼ਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀਕਾਰਾਂ ਦੇ ਹਵਾਲੇ ਨਾਲ ਹੋ ਜਾਂਦੀ ਹੈ। ਇਸ ਨਾਲ ਪੈ ਗਏ ਫਰਕ ਨੂੰ ਭਾਈ ਵੀਰ ਸਿੰਘ ਨੇ "ਨੈਣਮੁੰਦੀ ਸਮਾਧੀ" ਅਤੇ "ਨੈਣਖੁਲ੍ਹੀ ਸਮਾਧੀ" ਦੇ ਹਵਾਲੇ ਰਾਹੀਂ ਸਾਹਮਣੇ ਲਿਆਂਦਾ ਹੋਇਆ ਹੈ। ਨੈਣ-ਮੁੰਦੀ ਸਮਾਧੀ ਨਾਲ ਧਰਮ ਦੀਆਂ ਖੜੋਤ-ਪਰਤਾਂ ਸਾਹਮਣੇ ਆਉਂਦੀਆਂ ਰਹੀਆਂ ਹਨ ਅਤੇ ਇਸ ਨਾਲ ਧਰਮ ਦਾ ਸਮਕਾਲ ਗੁੰਮਦਾ ਰਿਹਾ ਹੈ। ਨੈਣ-ਖੁਲ੍ਹੀ ਸਮਾਧੀ ਨਾਲ ਗੁਰਮਤਿ ਨੇ ਸਮਕਾਲੀ-ਸੰਪੂਰਨਤਾ ਨੂੰ ਨਾਲ ਲੈ ਕੇ ਹੱਸਦਿਆਂ ਖੇਡਦਿਆਂ ਜੀਵੇ ਜਾ ਸਕਣ (ਜੀਵਨ-ਮੁਕਤ) ਦੀਆਂ ਸੰਭਾਵਨਾਵਾਂ ਸਾਹਮਣੇ ਲਿਆਂਦੀਆਂ ਹੋਈਆਂ ਹਨ। ਭਾਈ ਵੀਰ ਸਿੰਘ, ਸਿੱਖ-ਸੁਰਤਿ ਅਤੇ ਸਿੱਖ-ਅਮਲ ਦਾ ਗਾਇਕ ਹੈ ਅਤੇ ਇਸੇ ਨੂੰ ਸਿੱਖ-ਸਾਹਿਤ ਦਾ ਰੋਲ-ਮਾਡਲ ਕਿਹਾ ਜਾ ਰਿਹਾ ਹੈ।

**ਹਵਾਲਾ :**


1. ਸੰਪਾਦਕ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਪਹਿਲੀ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989


❑❑❑

## ਸਿਰ ਭੇਟਾ ਚਾ ਧਰੀਏ !

*-ਭਾਈ ਵੀਰ ਸਿੰਘ*

ਦਰਸ਼ਨ ਚਲ ਅਨੰਦਪੁਰ ਕਰੀਏ :-
ਚਲੋ ਸਹੀਓ ਆਨੰਦਪੁਰ ਚਲੀਏ ਦਰਸ਼ਨ ਕਰ ਕਰ ਠਰੀਏ।
ਝਿਮਣੀਆਂ ਦੇ ਝਾੜੂ ਕਰਕੇ ਥਾਂ-ਥਾਂ ਪਏ ਸੰਬਰੀਏ।
ਚਰਨ ਛੋਹ ਵਰੁਸਾਇਆ ਕਿਣਕਾ ਕਿਣਕਿਆਂ ਵਿੱਚ ਢੂੰਡਰੀਏ।
ਕਰ ਸੁਰਮਾਂ ਅੱਖੀਂ ਵਿਚ ਪਾਈਏ ਦਿਲ ਅੰਧੇਰਾ ਹਰੀਏ।
ਇਸ ਰੌਸ਼ਨ ਦਿਲ ਨਾਲ ਸਖੀ ! ਗੁਰ ਗੋਬਿੰਦ ਸਿੰਘ ਸਿਮਰੀਏ।
ਸਿਮਰ ਸਿਮਰ ਸ੍ਵਾਮੀ ਗੁਰ ਅਪਨਾ ਨੈਂ ਸਮਿਆਂ ਦੀ ਤਰੀਏ।
ਦਰਸ ਸੁਹਾਵੇ ਸੈ ਵਰ੍ਹਿਆ ਦੇ ਕਲਗ਼ੀਧਰ ਦੇ ਕਰੀਏ।
ਖਿਚ ਸ਼ਮਸ਼ੇਰ ਖੜੇ ਦੇ ਅੱਗੇ ਸਿਰ ਭੇਟਾ ਚਾ ਧਰੀਏ।
ਅੰਮ੍ਰਿਤ ਦਾਤ ਮਿਲੇ ਦਾਤੇ ਤੋਂ ਖਿੜਖਿੜ ਘੁਟ ਘੁਟ ਭਰੀਏ।
ਜੀਵਾਲੇ ਤਾਂ ਜੀਉ-ਜੀਉ ਪਈਏ ਮਾਰੇ ਹਸ ਹਸ ਮਰੀਏ।
ਮਰ ਕੇ ਅਮਰ, ਅਮਰ ਹੋ ਸੇਵਾ ਕਰੀਏ, ਹਉਂ ਤੋਂ ਡਰੀਏ।
ਸੇਵਕ ਤੋਂ ਪਦ ਮਿਲੇ ਪੁਤਰ ਪਦ ਭੀ ਸੇਵਾ ਨੂੰ ਵਰੀਏ।
ਸੇਵਾ ਕਰੀਏ, ਨਾਮ ਸਿਮਰੀਏ, ਹਉਂ ਹਰੀਏ, ਭਵ ਤਰੀਏ।
ਕਲਗ਼ੀਧਰ ਦੀ ਛੁਹ ਪਾਰਸ ਲਭ ਕੰਚਨ ਕਾਯਾਂ ਕਰੀਏ।
ਕੰਚਨ ਕਾਯਾਂ ਕਾਲ ਨ ਗ੍ਰਸੇ ਵਾਹ ਵਾ ਸਦਾ ਉਚਰੀਏ।

# ਸਿੱਖ ਸੁਹਜ ਦੇ ਸਿਰਜਕ: ਭਾਈ ਵੀਰ ਸਿੰਘ

*ਡਾ. ਅੰਮ੍ਰਿਤਪਾਲ ਕੌਰ**

ਸਭ ਤੋਂ ਪਹਿਲਾਂ ਮੈਂ ਮੁਬਾਰਕਬਾਦ ਦੇਣਾ ਚਾਹਾਂਗੀ ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਹੁਦੇਦਾਰਾਂ ਤੇ ਪ੍ਰਬੰਧਕਾਂ ਨੂੰ ਜੋ ਆਪਣੇ ਵਿਰਸੇ ਦੇ ਮਾਣ ਤੇ ਗੌਰਵ ਨੂੰ ਜੀਵੰਤ ਸਜੀਵ ਰੱਖਣ ਹਿੱਤ ਭਾਈ ਸਾਹਿਬ ਭਾਈ ਵੀਰ ਸਿੰਘ ਦਾ ਜਨਮ ਦਿਨ ਹਰ ਵਰ੍ਹੇ ਬੜੇ ਸ਼ਾਨ ਨਾਲ ਮਨਾਉਂਦੇ ਹਨ। ਆਪਣੇ ਵੱਡੇ ਵਡੇਰਿਆਂ ਨੂੰ ਯਾਦ ਕਰਨਾ, ਉਹਨਾਂ ਦੇ ਪੂਰਨਿਆਂ ਤੇ ਤੁਰਨਾ ਵਡੀਆਂ ਕੌਮਾਂ ਦੀ ਨਿਸ਼ਾਨੀ ਹੁੰਦੀ ਹੈ। ਭਾਈ ਵੀਰ ਸਿੰਘ ਦਾ ਨਾਮ ਯੁਗ ਬੋਧ ਦਾ ਪ੍ਰਤੀਕ ਹੈ। ਆਪ ਅਜਿਹੀ ਵਿਦਵਾਨ ਬਜ਼ੁਰਗ ਬਹੁਪਖੀ ਸ਼ਖ਼ਸੀਅਤ ਸਨ ਜਿਨ੍ਹਾਂ ਦਾ ਪ੍ਰਗਟਾਓ ਕਈ ਪ੍ਰਕਾਰ ਨਾਲ ਕਈ ਪੱਖਾਂ ਨਾਲ ਹੋਇਆ। ਉਨ੍ਹਾਂ ਨੂੰ ਭਾਵੇਂ ਪੰਜਾਬੀ ਬੋਲੀ ਨੂੰ ਆਲਮਾਂ ਫਾਜ਼ਲਾਂ ਦੀ ਜੁਬਾਨ ਦੇ ਮੁਕਾਬਲੇ ਮੋਹਰਲੀ ਕਤਾਰ ਵਿਚ ਖੜੇ ਕਰਨਾ ਹੋਵੇ, ਜਾਂ ਆਧੁਨਿਕ ਸਾਹਿਤ ਦੇ ਮੋਢੀ ਸਿਰਜਕ ਪਹਿਲੇ ਕਵੀ, ਪਹਿਲੇ ਨਾਵਲਕਾਰ, ਜੀਵਨੀਕਾਰ, ਪੱਤਰਕਾਰ, ਨਾਟਕਕਾਰ, ਸੰਪਾਦਕ ਜਾਂ ਖੋਜੀ ਵਿਦਵਾਨ ਵਜੋਂ ਹੋਵੇ ਪਰ ਸਭ ਤੋਂ ਵਿਸ਼ੇਸ਼ ਤੱਥ ਇਹ ਹੈ ਕਿ ਆਪ ਦੀ ਪਛਾਣ, ਉਸ ਵੱਡੇ ਵਿਰਸੇ ਨੂੰ ਯਾਦ ਕਰਾਉਂਦੀ ਹੈ ਜੋ ਸਾਡਾ ਸਾਰਿਆਂ ਦਾ ਕੇਂਦਰੀ ਧੁਰਾ ਹੈ। ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਣੀ ਸੰਦੇਸ਼ ਜੋ ਸਮੂਹ ਲੋਕਾਈ ਨੂੰ 'ਸਰਬਤ ਦੇ ਭਲੇ' ਦਾ ਸੰਦੇਸ਼ ਦਿੰਦੇ ਹਨ, ਜਿਨ੍ਹਾਂ ਨੂੰ ਕਿਸੇ ਕਾਲ ਯੁਗ, ਮਜ਼੍ਹਬ, ਧਰਮ, ਕੌਮ, ਨਸਲ, ਭਾਸ਼ਾ, ਬੋਲੀ ਦੀ ਸੀਮਾ ਵਿਚ ਨਹੀਂ ਬੰਨਿਆ ਜਾ ਸਕਦਾ। ਇਹ ਸੰਦੇਸ਼ ਕੁਲ ਮਾਨਵਤਾ ਨੂੰ ਸੁਹਿਰਦਤਾ, ਪ੍ਰੇਮ, ਸਹਿਚਾਰ ਅਤੇ ਸਚਿਆਰ ਹੋਣ ਲਈ ਪ੍ਰੇਰਦੇ ਹਨ ਜਿਨ੍ਹਾਂ ਦੀ ਪਰੰਪਰਾ ਬੜੀ ਅਮੀਰ ਅਤੇ ਸਜੀਵ ਹੈ। ਭਾਈ ਵੀਰ ਸਿੰਘ ਨੇ ਇਸ ਪਰੰਪਰਾ ਦੀ ਪਛਾਣ ਸਾਨੂੰ ਆਧੁਨਿਕ ਸਮੇਂ ਵਿਗਿਆਨਕ ਮੁਹਾਂਦਰੇ ਰਾਹੀਂ ਦਸੀ। ਇਹ ਪਰੰਪਰਾ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋ ਕੇ ਪੀੜ੍ਹੀ ਦਰ ਪੀੜ੍ਹੀ ਦਸ ਗੁਰੂ ਸਾਹਿਬ ਤਕ ਪ੍ਰਵਾਨ ਚੜ੍ਹੀ ਅਤੇ 'ਸ਼ਬਦ ਗੁਰੂ' ਦੇ ਰੂਪ ਵਿਚ ਅਧਿਆਤਮਕ ਤੇ ਦਾਰਸ਼ਨਿਕ ਵਿਕਾਸ ਕਰਦੀ 'ਬਾਣੀ ਪ੍ਰਕਾਸ਼', ਸਿੱਖ ਸਿਧਾਂਤ, ਸਿੱਖ ਇਤਿਹਾਸ, ਸਿੱਖ ਜੀਵਨ ਜਾਂਚ, ਸਿੱਖ ਸੰਗੀਤ ਪਰ ਸਭ ਤੋਂ ਵਿਸ਼ੇਸ਼ ਇਹ ਸਿੱਖ ਸੁਹਜ ਉੱਤੇ ਅਧਾਰਿਤ ਹੈ।

ਉਹ ਸਿੱਖ ਸੁਹਜ ਜੋ ਸਾਨੂੰ ਗੁਰੂ ਸਾਹਿਬਾਨ ਨੇ ਦਿੱਤਾ, 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਰੂਪ ਵਿਚ। ਗੁਰੂ ਗ੍ਰੰਥ ਸਾਹਿਬ ਤੋਂ ਸਾਨੂੰ ਸ਼ਬਦ ਦੀ ਰੌਸ਼ਨੀ ਮਿਲ ਰਹੀ ਹੈ ਅਤੇ ਗੁਰੂ ਪੰਥ ਤੋਂ ਸਾਡਾ ਇਤਿਹਾਸ, ਸਾਡੀ ਪਰੰਪਰਾ ਰਾਹੀਂ ਵਿਕਸਤ ਹੋ ਰਹੀ ਹੈ ਦੋਹਾਂ ਦੀ ਸੰਯੁਕਤਤਾ ਉਸ ਸੁਹਜ ਵਿਚ ਹੈ ਜਿਸ ਨਾਲ ਸਾਡੀ ਸ਼ਖ਼ਸੀਅਤ, ਸਾਡੀ ਪਰੰਪਰਾ, ਸਾਡੀ ਮਰਿਆਦਾ, ਸਾਡਾ ਵੈਲਯੂ ਸਿਸਟਮ ਵਿਕਸਤ ਹੋਇਆ ਹੈ। ਭਾਈ ਵੀਰ ਸਿੰਘ ਦੀਆਂ ਲਿਖਤਾਂ ਇਸ ਸੁਹਜ ਨੂੰ ਪਕੜਦੀਆਂ ਹਨ। ਇਸ ਵਿਚਲੀ ਰੂਹਾਨੀਅਤ ਨੂੰ ਆਪ ਨੇ ਨਾ ਸਿਰਫ਼ ਮਹਿਸੂਸ ਕੀਤਾ ਬਲਕਿ ਉਹਨਾਂ ਦੇ ਆਪਣੇ ਸ਼ਬਦਾਂ ਅਨੁਸਾਰ "ਸਿੱਖੀ ਦੇ ਰੁਕਨਾਂ ਵਿਚ ਪਹਿਲਾ ਰੁਕਨ ਅਕਾਲ ਪੁਰਖ ਹੈ ਤੇ ਦੂਸਰਾ ਗੁਰੂ ਅਕਾਲ ਪੁਰਖ ਦੀ ਸਿਫ਼ਤ ਸਲਾਹ! ਗੁਰਬਾਣੀ ਵਿਚ ਸਤਿਗੁਰਾਂ ਨੇ ਆਪਣੀ ਬਾਣੀ ਆਪ ਗਾਣੀ ਹੈ ਪਰ ਗੁਰੂ ਦੀ ਸਿਫ਼ਤ ਸਲਾਹ ਸਿੱਖਾਂ ਨੇ ਗਾਉਣੀ ਹੈ" ਉਹ ਸਿੱਖ ਕਿਹੋ ਜਿਹਾ ਹੋਵੇ? ਤੇ ਸਿੱਖੀ ਕਿਹੋ ਜਿਹੀ ਹੋਵੇ। ਸਿੱਖ ਦੀ ਪਹਿਚਾਨ ਬਾਹਰੀ ਸਰੂਪ ਹੈ ਪਰ ਇਸ ਦੀ ਸਦੀਵਤਾ ਇਸ ਦਾ ਸੁਹਜ ਉਸ ਦੇ ਹਰਿਮੰਦਰ, ਉਸ ਦੇ ਅੰਦਰ ਨਿਹਤ ਹੈ। ਇਸ ਦੇ ਕਰਮ ਅਤੇ ਵਿਉਹਾਰ ਵਿਚ ਹੈ। ਉਸ ਅੰਦਰਲੇ ਬਾਣੀ ਦੇ ਪ੍ਰਕਾਸ਼ ਨੂੰ ਆਪ ਨੇ ਪੰਜਾਬੀ ਭਾਸ਼ਾ ਵਿਚ ਲਿਖਿਆ ਅਤੇ ਵਿਕਸਤ ਕੀਤਾ। ਪੰਜਾਬੀ ਦੇ ਪਾਠਕ ਪੈਦਾ ਕਰਨ ਵਿਚ ਆਪ ਦਾ ਵਡਮੁੱਲਾ ਯੋਗਦਾਨ ਹੈ। ਸਾਹਿਤਕ ਪੱਤਰ, ਖ਼ਾਲਸਾ ਸਮਾਚਾਰ ਅਤੇ ਨਿਰਗੁਣੀਆਰਾ ਪਹਿਲੇ ਸਾਹਿਤਕ ਪੱਤਰਾਂ ਵਿਚੋਂ ਹਨ ਜੋ ਨਿਰੰਤਰ ਚਲਦੇ ਰਹੇ। ਕੋਈ ਵੀ ਸਮਾਜਿਕ ਰਾਜਨੀਤਕ ਉਥਲ ਪੁਥਲ ਇਸ ਦੀ ਨਿਰੰਤਰਤਾ ਵਿਚ ਰੁਕਾਵਟ ਨਹੀਂ ਬਣ ਸਕੀ। ਮਧਕਾਲੀਨ ਵਾਰਤਕ ਦੇ ਸੰਪਾਦਨ ਦੇ ਖੇਤਰ ਵਿਚ ਦੋ ਰਚਨਾਵਾਂ ਮੀਲ ਪੱਥਰ ਹਨ ਭਾਈ ਸੰਤੋਖ ਸਿੰਘ ਦਾ ਵੱਡ ਅਕਾਰੀ ਸੂਰਜ ਪ੍ਰਕਾਸ਼ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਕੋਸ਼। ਆਪ ਇਕ ਵਿਅਕਤੀ ਨਹੀਂ ਬਲਕਿ ਇਕ ਸੰਸਥਾ ਸਨ ਜਿਨ੍ਹਾਂ ਨੇ ਲਗਭਗ 40 ਸਾਲ ਆਪਣੀਆਂ ਲਿਖਤਾਂ ਰਾਹੀਂ ਸਾਡਾ ਮਾਰਗ ਦਰਸ਼ਨ ਕੀਤਾ ਅਤੇ ਸਿੱਖੀ ਨੂੰ ਪੁਨਰ ਪਰਿਭਾਸ਼ਤ ਕੀਤਾ। ਦਰ ਅਸਲ ਸਿੱਖੀ ਇਹਨਾਂ ਦੇ ਵਿਰਸੇ ਵਿਚ ਸੀ। ਜੇਕਰ ਆਪ ਦੇ ਪਰਿਵਾਰ ਦੀ ਗਲ ਕਰੀਏ ਤਾਂ ਆਪਦਾ ਜਨਮ ਅੰਮ੍ਰਿਤਸਰ ਡਾ. ਚਰਨ ਸਿੰਘ ਦੇ ਘਰ ਇਕ ਸਿੱਖ ਪਰਿਵਾਰ ਵਿਚ ਹੋਇਆ, ਇਹ ਖ਼ਾਨਦਾਨ ਦੀਵਾਨ ਕੌੜਾ ਮੱਲ ਦੇ ਅੰਸ਼ ਵਿਚੋਂ ਸੀ ਜਿਸ ਨੇ 18ਵੀਂ ਸਦੀ ਵਿਚ ਮੁਗਲ ਸ਼ਾਸਕਾਂ ਵਲੋਂ ਸਿੱਖਾਂ ਉੱਤੇ ਕੀਤੇ ਜਾਂਦੇ ਘੋਰ ਅਤਿਆਚਾਰਾਂ ਨੂੰ ਘਟ ਕਰਾਉਣ ਲਈ ਦੋਹਾਂ ਧਿਰਾਂ ਵਿਚ ਸੁਲਹ ਕਰਾਉਣ ਦੇ ਯਤਨ ਕੀਤੇ। ਭਾਈ ਵੀਰ ਸਿੰਘ ਦੇ ਦਾਦਾ ਭਾਈ ਕਾਹਨ ਸਿੰਘ ਆਪਣੀ ਕੁਲ ਵਿਚ ਪਹਿਲੇ ਅੰਮ੍ਰਿਤਧਾਰੀ ਸਿੰਘ ਸਜੇ। ਉਹ ਸੰਸਕ੍ਰਿਤ ਤੇ ਬ੍ਰਜੀ ਦੇ ਵਿਦਵਾਨ ਅਤੇ ਕਿੱਤੇ ਵਜੋਂ ਵੈਦ ਸਨ। ਭਾਈ ਵੀਰ ਸਿੰਘ ਦੇ ਪਿਤਾ ਵੀ ਆਯੁਰਵੈਦਿਕ ਤੇ ਐਲੋਪੈਥੀ ਦੇ ਵੈਦ ਸਨ। ਉਹ ਸਿੰਘ ਸਭਾ ਲਹਿਰ ਦੇ ਸੰਸਥਾਪਕਾਂ ਵਿਚੋਂ ਸਨ। ਸਿੱਖ ਧਰਮ ਬਾਰੇ ਉਨ੍ਹਾਂ ਦੀਆਂ ਪੁਸਤਕਾਂ ਬਾਣੀ ਬਿਉਰਾ ਤੇ ਸ਼ਬਦ ਬ੍ਰਿਤੀ ਪ੍ਰਕਾਸ਼ ਪ੍ਰਸਿੱਧ ਪੁਸਤਕਾਂ ਵਿਚੋਂ ਹਨ। ਭਾਈ ਵੀਰ ਸਿੰਘ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਗੁਰਬਾਣੀ ਦੇ ਟੀਕਾਕਾਰ ਵਜੋਂ ਜਾਣੇ ਜਾਂਦੇ ਹਨ। ਭਾਈ ਗੁਰਦਾਸ ਦੀਆਂ ਵਾਰਾਂ ਦੇ ਟੀਕੇ ਪ੍ਰਸਿੱਧ ਹਨ। ਇਸ ਵੇਰਵੇ ਤੋਂ ਭਾਵ ਹੈ ਕਿ ਭਾਈ ਵੀਰ ਸਿੰਘ ਦੇ ਸਿੱਖ ਸੁਹਜ ਬੋਧ ਨੂੰ ਵਿਕਸਤ ਕਰਨ ਵਿਚ ਪਿਤਾ ਪੁਰਖੀ ਸਿੱਖ ਵਿਰਸੇ ਦਾ ਵੱਡਾ ਯੋਗਦਾਨ ਸੀ। ਗਿਆਨੀ ਮਹਾਂ ਸਿੰਘ ਇਕ ਲੇਖ ਵਿਚ ਭਾਈ ਵੀਰ ਸਿੰਘ ਦੇ ਬਚਪਨ ਦੀ

* ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਦੇ ਮੁੱਖੀ ਤੇ ਪ੍ਰੋਫੈਸਰ ਡਾ. ਅੰਮ੍ਰਿਤਪਾਲ ਕੌਰ ਅਜਿਹੀ ਸਹਿਤਕਾਰ ਹੈ ਜਿਸ ਨੂੰ ਗੁਰਬਾਣੀ-ਚਿੰਤਨ ਦੀ ਲਗਨ ਆਪਣੇ ਪਿਤਾ, ਦਾਦਾ ਜੀ ਤੇ ਪਰਦਾਦਾ ਜੀ ਤੋਂ ਪ੍ਰਾਪਤ ਹੋਈ ਹੈ। ਚੰਗੀ ਕਿਸਮਤ ਕਿ ਇਸ ਦੀ ਸ਼ਾਦੀ ਉਸ ਸਖ਼ਸ਼ ਨਾਲ ਹੋਈ ਜੋ ਗੁਰਮਤਿ-ਸੰਗੀਤ ਨੂੰ ਹਰ ਪਖੋਂ ਗਗਨ-ਚੁੰਬੀ ਬੁਲੰਦੀਆਂ ਤੇ ਪਹੁੰਚਾਣ ਵਾਲਾ ਸਥਾਪਤ ਵਿਦਿਵਾਨ ਤੇ ਸੰਗੀਤਕਾਰ ਹੈ ਜਿਸਦਾ ਨਾਮ ਹੈ ਡਾ. ਗੁਰਨਾਮ ਸਿੰਘ। ਦਰਜਨਾਂ ਪੁਸਤਕਾਂ ਗੁਰਮਤਿ ਸਾਹਿਤ ਅਤੇ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੀ ਡਾ. ਅੰਮ੍ਰਿਤਪਾਲ ਕੌਰ ਦਾ ਆਨ ਲਾਈਨ ਗੁਰਬਾਣੀ-ਚਿੰਤਨ ਨੂੰ ਵਿਸ਼ਵ ਪੱਧਰ ਤੇ ਸੰਚਾਰਨਾ ਤੇ ਪਸਾਰਨਾ ਵਡਾ ਹਾਸਲ ਆਖਿਆ ਜਾ ਸਕਦਾ ਹੈ ਜਿਸ ਦੀ ਉਹ ਡਾਇਰੈਕਟਰ ਵਜੋਂ ਸੇਵਾ ਕਰ ਰਹੀ ਹੈ। ਡਾ. ਸਾਹਿਬਾ ਦਾ ਭਾਈ ਵੀਰ ਸਿੰਘ ਜੀ ਦੇ 143ਵੇਂ ਜਨਮ ਦਿਵਸ ਸਮੇਂ ਕਰਵਾਏ ਗਏ ਸਮਾਗਮ ਵਿਚ ਪੜ੍ਹਿਆ ਗਿਆ ਪੇਪਰ ਭਾਈ ਸਾਹਿਬ ਦੇ ਸਿੱਖੀ ਸਿਦਕ ਨੂੰ ਇਕ ਨਵੇਕਲੇ ਨਜ਼ਰੀਏ ਤੋਂ ਪੇਸ਼ ਕਰਦਾ ਹੈ ਜੋ ਉਨ੍ਹਾਂ ਨੂੰ ਸਿੱਖ ਸੁਹਜ ਦੇ ਸਿਰਜਕ ਵਜੋਂ ਦਰਸਾਉਂਦਾ ਹੈ। ਭਾਈ ਸਾਹਿਬ ਦੇ ਇਸ ਬਿੰਬ ਨੂੰ ਠੀਕ ਪ੍ਰਸੰਗ ਵਿਚ ਸਮਝਣ ਸਮਝਾਉਣ ਲਈ ਅਸੀਂ ਪਾਠਕਾਂ ਦੇ ਹਿਤ ਲਈ ਡਾ. ਅੰਮ੍ਰਿਤਪਾਲ ਕੌਰ ਵਲੋਂ ਪੜ੍ਹਿਆ ਪੂਰਾ ਪੇਪਰ ਪ੍ਰਕਾਸ਼ਤ ਕਰ ਰਹੇ ਹਾਂ-ਸੰਪਾਦਕ

ਘਟਨਾ ਦਾ ਜ਼ਿਕਰ ਕਰਦੇ ਦੱਸਦੇ ਹਨ ਕਿ ਆਪ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਤਦੋਂ ਲੜਕੀਆਂ ਦੇ ਸਕੂਲਾਂ ਦੇ ਇੰਸਪੈਕਟਰ ਨਿਯੁਕਤ ਸਨ। ਉਨ੍ਹਾਂ ਦਿਨਾਂ ਵਿਚ ਬਚੀਆਂ ਲਈ ਪੰਜਾਬੀ ਪੜ੍ਹਾਉਣ ਲਈ ਗੁਰਮੁਖੀ ਕੋਰਸ ਨਹੀਂ ਹੁੰਦੇ ਸੀ। ਸਕੂਲਾਂ ਵਿਚ ਉਰਦੂ ਪੜ੍ਹਾਈ ਜਾਂਦੀ ਸੀ। ਉਸ ਸਮੇਂ ਗਿਆਨੀ ਹਜ਼ਾਰਾ ਸਿੰਘ ਨੇ ਉਰਦੂ ਕੋਰਸ ਪੰਜਾਬੀ ਵਿਚ ਤਰਜਮੇ ਕਰ ਕੇ ਲੜਕੀਆਂ ਲਈ ਮੁਹਈਆ ਕਰਵਾਏ। ਭਾਈ ਸਾਹਿਬ ਉਦੋਂ ਸਕੂਲ ਪੜ੍ਹ ਰਹੇ ਸਨ। ਇਕ ਦੋ ਕੋਰਸ ਆਪ ਨੇ ਵੀ ਤਰਜਮੇ ਕਰਕੇ ਆਪਣੇ ਨਾਨਾ ਜੀ ਨੂੰ ਦਿੱਤੇ। ਇਕ ਵਾਰ ਸਹਿਜ ਸੁਭਾ ਆਪ ਨੇ ਨਾਨਾ ਜੀ ਨੂੰ ਕਿਹਾ, "ਨਾਨਾ ਜੀ ਤੁਸੀਂ ਲੋਕਾਂ ਦੀਆਂ ਪੁਸਤਕਾਂ ਹੀ ਉਲਥਾਉਂਦੇ ਹੋ ਆਪਣੇ ਦਿਮਾਗ ਤੋਂ ਕੋਈ ਨਵੀਂ ਰਚਨਾ ਕਿਉਂ ਨਹੀਂ ਪੈਦਾ ਕਰਦੇ? ਦੋਹਤਰੇ ਦੇ ਮੂੰਹੋਂ ਇਹ ਪ੍ਰਸ਼ਨ ਸੁਣ ਕੇ ਨਾਨਾ ਜੀ ਮੁਸਕਰਾਏ ਤੇ ਕਿਹਾ, "ਬਰਖੁਦਾਰ! ਮੈਂ ਨਹੀਂ ਕਰ ਸਕਿਆ ਪਰ ਮੈਨੂੰ ਭਰੋਸਾ ਹੈ ਕਿ ਤੂੰ ਜ਼ਰੂਰ ਆਪਣੇ ਦਿਮਾਗ ਵਿਚੋਂ ਨਵਾਂ ਸਾਹਿਤ ਪੈਦਾ ਕਰੇਂਗਾ।" ਨਾਨੇ ਦੀ ਇਹ ਬਖ਼ਸ਼ਿਸ਼ ਕਿ ਆਪ ਜੀ ਨੇ ਨਾ ਸਿਰਫ਼ ਸਾਹਿਤ ਹੀ ਸਿਰਜਿਆ ਬਲਕਿ ਸਾਹਿਤ ਦੀ ਆਤਮਾ ਸਤਯਮ ਸ਼ਿਵਮ ਸੁੰਦਰਮ ਨੂੰ ਉਜਾਗਰ ਕੀਤਾ। ਕਵਿਤਾ ਦੀ ਗਲ ਕਰੀਏ ਤਾਂ ਰਾਣਾ ਸੂਰਤ ਸਿੰਘ ਪੰਜਾਬੀ ਕਾਵਿ ਦੇ ਇਤਿਹਾਸ ਵਿਚ ਮਹਾਂ ਕਾਵਿ ਵਜੋਂ ਵਿਸ਼ੇਸ਼ ਸਥਾਨ ਰੱਖਦਾ ਹੈ। ਇਸ ਰਚਨਾ ਦਾ ਵਿਸ਼ੇ ਵਸਤੂ ਕਾਵਿ ਸੰਯੋਜਨ ਗੰਭੀਰ ਜੀਵਨ ਦਰਸ਼ਨ ਅਤੇ ਸਿੱਖ ਅਧਿਆਤਮਕ ਜੀਵਨ ਮੁੱਲਾਂ ਦੀ ਪੇਸ਼ਕਾਰੀ ਕਰਦਾ ਹੈ। ਰਾਣਾ ਸੂਰਤ ਸਿੰਘ ਮਨੁੱਖੀ ਜੀਵਨ ਲਈ ਇਕ ਨਿਰੰਤਰ ਵਿਕਾਸ ਦਾ ਪ੍ਰਤੀਕ ਹੈ। ਇਹ ਮਨਮੁਖ ਤੋਂ ਗੁਰਮੁਖ ਹੋਣ ਦੀ ਯਾਤਰਾ ਦਾ ਅਮਲ ਹੈ ਜਿਸ ਨੂੰ ਰਾਣੀ ਰਾਜ ਕੌਰ ਦੇ ਪ੍ਰਤੀਕ ਰਾਹੀਂ ਸਿਰਜਿਆ ਗਿਆ ਹੈ। ਰਾਣੀ ਰਾਜ ਕੌਰ ਦਾ ਆਪਣੇ ਪ੍ਰਾਣ ਪ੍ਰਿਯ ਪਤੀ ਰਾਣਾ ਸੂਰਤ ਸਿੰਘ ਤੋਂ ਵਿਛੜਨਾ, ਬਿਰਹਾ, ਰਿਸ਼ਤਿਆਂ ਦਾ ਟੁਟਣਾ, ਜੁੜਨਾ, ਮੋਹ ਮਾਇਆ ਤੇ ਫੇਰ ਅਧਿਆਤਮਕ ਮਿਲਾਪ ਦੀ ਪ੍ਰਕ੍ਰਿਆ ਹੈ। ਇਸ ਰਾਹੀਂ ਆਪ ਗੁਰਮਤਿ ਦੇ ਦਾਰਸ਼ਨਿਕ ਸੰਕਲਪਾਂ, ਪਰਮਾਤਮਾ, ਆਤਮਾ, ਜੀਵ ਮੁਕਤੀ, ਗੁਰੂ, ਗ੍ਰਹਿਸਥ ਜੀਵਨ ਨੈਤਿਕ ਤੇ ਸਦਾਚਾਰਕ ਮਾਰਗ ਦੀ ਸੇਧ ਦੇ ਦਿੰਦੇ ਹਨ। ਪੰਜਾਬੀ ਸਾਹਿਤ ਵਿਚ ਆਪ ਨੂੰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਹਿ ਕੇ ਜਾਣਿਆ ਜਾਂਦਾ ਹੈ। ਕਵਿਤਾ ਬਾਰੇ ਆਪ ਦਾ ਕਥਨ ਹੈ:

**ਕਵਿਤਾ ਦੀ ਸੁੰਦਰਤਾਈ ਉੱਚੇ ਨਛਤਰੀ ਵਸਦੀ।**
**ਆਪਣੇ ਸੰਗੀਤ ਲਹਿਰ ਆਪਣੇ ਪ੍ਰਕਾਸ਼ ਲਸਦੀ।**

ਆਪਣੇ ਗੀਤਾਂ ਬਾਰੇ ਆਪ ਦਾ ਕਹਿਣਾ ਹੈ ਕਿ "ਮੇਰੇ ਗੀਤ ਮੇਰੇ ਸਾਈਆਂ ਜੀ ਦੇ ਗੀਤ ਸੋਹਿਲੇ ਹਨ।"

ਆਪ ਇਕ ਥਾਂ ਲਿਖਦੇ ਹਨ।

ਮੇਰੇ ਗੀਤ ਮੇਰੇ ਸਾਈਆਂ ਜੀ ਦੇ ਗੀਤ ਸੋਹਿਲੇ। ਹਾਂ ਪਰਤ ਆਓ ਪਰਤ ਆਓ ਸੁਹਣਿਓ ਕਸ ਦਿਓ ਆ ਕੇ ਮੇਰੇ ਦਿਲ-ਵੀਣਾਂ ਦੀਆਂ ਤਰਬਾਂ।

ਪਰਮਾਤਮਾ ਨੂੰ ਕਾਵਿ ਸਿਰਜਨਾ ਦਾ ਸੋਮਾ ਮੰਨ ਲੈਣ ਨਾਲ ਇਹ ਕਵਿਤਾ ਸਮਾਜਿਕ ਪ੍ਰਕਰਣ ਤੋਂ ਬੇਮੁੱਖ ਨਹੀਂ ਹੁੰਦੀ ਬਲਕਿ ਉਨ੍ਹਾਂ ਦੀ ਕਾਵਿ ਰਚਨਾ ਸਿੱਖ ਆਦਰਸ਼ ਦੇ ਪ੍ਰਤਿਮਾਨਾ ਨੂੰ ਪੇਸ਼ ਕਰਦੀ ਹੈ। ਪ੍ਰਤਿਮਾਨਾਂ ਦਾ ਸਬੰਧ ਨਿਰੋਲ ਸਭਿਆਚਾਰਕ ਜੀਵਨ ਜਾਂਚ ਨਾਲ ਹੈ। ਸਭਿਆਚਾਰਕ ਜੀਵਨ ਜਾਂਚ ਵਿਚ ਗੁਰਬਾਨੀ ਅਤੇ ਸਿੱਖ ਇਤਿਹਾਸ ਪ੍ਰਤਿਮਾਨ ਨਿਸ਼ਚਤ ਰੂਪ ਵਿਚ ਜੀਵਨ ਵਿਧੀ ਦਾ ਅਧਾਰ ਬਣਦੇ ਹਨ। ਇਹੀ ਜੀਵਨ ਵਿਧੀ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਵੀ ਨਜ਼ਰ ਆਉਂਦੀ ਹੈ। ਸੁੰਦਰੀ, ਬਿਜੈ ਸਿੰਘ ਤੇ ਸਤਵੰਤ ਕੌਰ ਦੇ ਥੀਮ ਇਕੋ ਜਿਹੇ ਹਨ ਜਿਨ੍ਹਾਂ ਵਿਚ ਸਿੱਖ ਧਰਮ ਲਈ ਸ਼ਰਧਾ, ਸਿੱਖਾਂ ਦੀ ਬਹਾਦਰੀ ਤੇ ਸਿੱਖ ਨਾਇਕ ਨਾਇਕਾਵਾਂ ਦੀ ਨਿਸ਼ਕਾਮ ਬਹਾਦਰੀ ਨੂੰ ਪੇਸ਼ ਕੀਤਾ ਗਿਆ ਹੈ। ਪੰਜਾਬ ਦੀ ਪਰੰਪਰਾ ਵਿਚ ਤਿੰਨ ਕੌਮਾਂ ਦਾ ਇਤਿਹਾਸ ਵਿਦਮਾਨ ਰਿਹਾ ਹੈ। 18ਵੀਂ ਸਦੀ ਦੇ ਦੌਰ ਵਿਚ ਮੁਸਲਮਾਨਾਂ ਤੇ ਮੁਗਲ ਹਾਕਮਾਂ ਦੀ ਚੜ੍ਹਤ ਤੇ ਸਿੱਖਾਂ ਨੂੰ ਆਪਣੇ ਵਿਚ ਰਲਾ ਲੈਣ ਦੀ ਕੋਸ਼ਿਸ਼ ਵਿਦਮਾਨ ਰਹੀ ਜਿਸ ਕਾਰਨ ਉਸ ਸਮੇਂ ਇਹ ਤਿੰਨ ਕੌਮਾਂ ਇਕ ਦੂਜੇ ਨਾਲ ਜੂਝਦੀਆਂ ਰਹੀਆਂ ਪਰ ਬਾਵਜੂਦ ਇਹ ਤਿੰਨੇ ਧਰਮਾਂ ਦਾ ਇਕੋ ਭੂਗੋਲਿਕ ਖਿਤੇ ਵਿਚ ਵਸਦਾ ਰਹਿਣਾ ਇਹਨਾਂ ਦੇ ਰਸਮੋ ਰਿਵਾਜ਼ ਰੀਤਾਂ, ਕੰਮ ਧੰਦੇ ਕਿਤਿਆਂ ਆਦਿ ਦੀ ਸਾਂਝ ਰਹੀ ਹੈ। ਇਹ ਪੀਡੀ ਸਾਂਝ ਪੰਜਾਬੀਆਂ ਦੀ ਸਿਮਰਤੀ ਦਾ ਇਕ ਉਭਰਵਾਂ ਪੱਖ ਵੀ ਹੈ। ਆਪ ਦੇ ਨਾਵਲਾਂ ਵਿਚ ਜਿਥੇ ਪਾਤਰ ਧਰਮ ਦੀ ਰਖਿਆ ਲਈ, ਆਤਮ ਸਨਮਾਨ ਲਈ ਜਾਲਮ ਦਾ ਡਟ ਕੇ ਮੁਕਾਬਲਾ ਕਰਦੇ ਲਗਾਤਾਰ ਸੰਘਰਸ਼ ਕਰਦੇ ਕੁਰਬਾਨੀ ਦਿੰਦੇ ਹਨ। ਉਥੇ ਦੂਜੇ ਪਾਸੇ ਦੁਸ਼ਮਨਾਂ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਤੇ ਪਰਿਵਾਰਾਂ ਨਾਲ ਸਨੇਹ ਭਰਿਆ ਵਿਓਹਾਰ ਵੀ ਰੱਖਦੇ ਹਨ ਕਿਉਂਕਿ ਬਾਣੀ ਦਾ ਸੰਦੇਸ਼ ਸਾਨੂੰ ਜਾਤਪਾਤ ਤੋਂ ਉਪਰ ਉਠਕੇ ਸਮੂਹ ਲੋਕਾਈ ਲਈ ਸਾਂਝੇ ਮਾਨਵੀ ਹਿੱਤਾਂ ਲਈ ਪ੍ਰੇਰਦਾ ਹੈ। ਸੁੰਦਰੀ ਨਾਵਲ ਵਿਚ ਮੁਗਲ ਹਾਕਮਾਂ ਦੇ ਜਬਰ ਤੇ ਜ਼ੁਲਮ ਦੇ ਖਿਲਾਫ਼ ਲੜ ਰਹੇ ਰੱਖਿਅਕ ਜੱਥੇ ਦਾ ਨੇਤਾ ਸ਼ਾਮ ਸਿੰਘ ਆਪਣੇ ਮੰਤਵ ਨੂੰ ਸਪਸ਼ਟ ਕਰਦਾ ਹੋਇਆ ਕਹਿੰਦਾ ਹੈ।

ਇਹ ਸਾਡਾ ਘਰ ਪੱਖਪਾਤੀ ਨਹੀਂ ਹੈ ਨਾ ਸਾਨੂੰ ਕਿਸੇ ਨਾਲ ਵੈਰ ਹੈ, ਹਿੰਦੂ ਮੁਸਲਮਾਨ ਕੀ ਸਾਡੇ ਸਤਿਗੁਰਾਂ ਨੂੰ ਕਿਸੇ ਨਾਲ ਵੀ ਵੈਰ ਨਹੀਂ ਸੀ ਸਾਰੀ ਸ੍ਰਿਸ਼ਟੀ ਸਾਨੂੰ ਇਕ ਸਮਾਨ ਹੈ। ਦਰਅਸਲ "ਸਰਬਤ ਦਾ ਭਲਾ" ਭਾਈ ਵੀਰ ਸਿੰਘ ਦੇ ਅਵਚੇਤਨ ਦਾ ਅਹਿਮ ਹਿੱਸਾ ਹੈ। ਇਸੇ ਕਰਕੇ ਉਹਨਾਂ ਦੀਆਂ ਲਿਖਤਾਂ ਵਿਚੋਂ ਇਹ ਸਹਿਜ ਹੀ ਮਿਲ ਜਾਂਦਾ ਹੈ ਕਿਉਂਕਿ ਖ਼ਾਲਸਾ ਤਾਂ ਹਰ ਰੋਜ਼ ਅਰਦਾਸ ਰਾਹੀਂ ਸਰਬਤ ਦਾ ਭਲਾ ਮੰਗਦਾ ਹੈ। ਨਿਰਸੰਦੇਹ ਸਿੱਖ ਧਰਮ ਮੂਲ ਰੂਪ ਵਿਚ ਮਨੁੱਖਵਾਦੀ ਸੰਕਲਪ ਹੈ ਜੋ ਮਨੁੱਖ ਨੂੰ ਕਿਸੇ ਜਾਤ ਪਾਤ, ਰੰਗ, ਨਸਲ, ਧਰਮ, ਫਿਰਕੇ ਦੇ ਆਧਾਰ ਤੇ ਵੰਡਦਾ ਨਹੀਂ ਬਲਕਿ ਉਸ ਦਾ ਸੰਦੇਸ਼ ਤਾਂ "ਚਹੁੰ ਵਰਨਾ ਲਈ ਸਾਂਝਾ ਹੈ"। ਬਾਣੀ ਅਨੁਸਾਰ :-

**"ਅਵਲ ਅਲਹਿ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ**
**ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ"**

ਇਹ ਚਿੰਤਨ ਸਿੱਧੇ ਰੂਪ ਵਿਚ ਨਾ ਬਰਾਬਰੀ ਦਾ ਖੰਡਨ ਕਰਦੇ ਹੋਏ ਮਨੁੱਖੀ ਜੀਵਨ ਦੇ ਕਰਮਸ਼ੀਲ ਮਾਰਗ ਨੂੰ ਦ੍ਰਿੜਾਉਂਦਾ ਹੈ ਜਿਸ ਅਨੁਸਾਰ ਜਿਸ ਤਰ੍ਹਾਂ ਵਿਅਕਤੀ ਦੇ ਕਰਮ ਹਨ ਉਹੀ ਉਸ ਦੀ ਜਾਤ ਹੈ। ਬਿਜੈ ਸਿੰਘ ਦੀ ਨਾਇਕਾ ਇਕ ਥਾਂ ਮੁਖਾਤਿਬ ਹੋ ਕੇ ਕਹਿੰਦੀ ਹੈ।

"ਜਾਤ ਕਰਕੇ ਕਿਸੇ ਨੂੰ ਭਲਾ ਭੁਰਾ ਜਾਣਨਾ ਸਾਡੇ ਧਰਮ ਵਿਚ ਠੀਕ ਨਹੀਂ ਅਰ ਨਾ ਹੀ ਰੂਪ ਕਰਕੇ ਕਿਸੇ ਨੂੰ ਚੰਗਾ ਮੰਦਾ ਸਮਝਣਾ ਭਲੀ ਗਲੀ ਹੈ। ਚੰਗਿਆਈ ਤੇ ਮੰਦਿਆਈ ਕਰਮਾਂ ਕਰਕੇ ਹੁੰਦੀ ਹੈ ਜਿਸਦੇ ਕਰਮ ਨੀਚ ਉਹ ਆਪ ਭੀ ਨੀਚ"

ਇਸ ਤੋਂ ਸਪਸ਼ਟ ਹੈ ਕਿ ਭਾਈ ਵੀਰ ਸਿੰਘ ਆਪਣੀਆਂ ਲਿਖਤਾਂ ਵਿਚ ਥਾਂ ਪੁਰ ਥਾਂ ਸਿੱਖ ਸਰੋਕਾਰਾਂ ਨੂੰ ਪੇਸ਼ ਕਰਦੇ ਹਨ ਜੇਕਰ ਸਿਰਫ਼ ਉਹਨਾਂ ਦੇ ਪਾਤਰਾਂ ਦੇ ਨਾਵਾਂ ਨੂੰ ਵੇਖੀਏ ਤਾਂ ਸੁੰਦਰੀ, ਬਿਜੈ ਸਿੰਘ,

ਸਤਵੰਤ ਕੌਰ, ਸੁਭਾਗ ਜੀ, ਸ਼ੀਲ ਕੌਰ, ਬਾਬਾ ਨੌਧ ਸਿੰਘ ਸਾਰੇ ਦੇ ਸਾਰੇ ਪਾਤਰ ਆਪੋ ਆਪਣੇ ਨਾਵਾਂ ਦੇ ਚਿੰਨਾਤਮਕ ਗੁਣਾਂ ਦੇ ਧਾਰਣੀ ਹਨ। ਸੁੰਦਰੀ ਜਦੋਂ ਸੁਰਸੱਤੀ ਹੈ ਤਾਂ ਵੀ ਸਤ ਧਰਮ ਬਚਾਉਣ ਲਈ ਚਿੱਤਾ ਵਿਚ ਸੜ ਮਰਨਾ ਬੇਹਤਰ ਸਮਝਦੀ ਹੈ ਪਰ ਜਦੋਂ ਅੰਮ੍ਰਿਤ ਛਕ ਕੇ ਸੁੰਦਰ ਕੌਰ ਬਣਦੀ ਹੈ ਤਾਂ ਉਸ ਦੀ ਅੰਦਰਲੀ ਅਬਲਾ ਨਾਰੀ ਚੰਡਿਕਾ ਰੂਪ ਧਾਰਨ ਕਰਕੇ ਵੈਰੀ ਨਾਲ ਲੋਹਾ ਲੈਂਦੀ ਹੈ ਅਤੇ ਜ਼ਖ਼ਮੀਆਂ ਦੀ ਸੇਵਾ ਕਰਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਭਾਰਤੀ ਸਮਾਜਿਕ ਨੇਮ ਪ੍ਰਬੰਧ ਵਿਚ ਔਰਤ ਹਮੇਸ਼ਾ ਦੁਰਕਾਰੀ ਅਤੇ ਤ੍ਰਿਸਕਾਰੀ ਜਾਂਦੀ ਰਹੀ ਹੈ। ਔਰਤ ਦੀ ਸਿਰਜਨਾਤਮਕਤਾ ਨੂੰ ਏਥੋਂ ਦੇ ਆਮ ਲੋਕਾਂ ਨੇ ਹੀ ਨਹੀਂ ਬਲਕਿ ਧਰਮਾਂ ਨਾਲ ਜੁੜੇ ਰਿਸ਼ੀਆਂ ਮੁਨੀਆਂ ਨੇ ਵੀ ਇਸ ਦਾ ਬਣਦਾ ਸਥਾਨ ਨਹੀਂ ਦਿੱਤਾ। ਪਹਿਲੀ ਵਾਰ ਗੁਰੂ ਨਾਨਕ ਪਾਤਸ਼ਾਹ ਨੇ ਇਸ ਪਰੰਪਰਾ ਨੂੰ ਤੋੜਿਆ ਅਤੇ "ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ" ਕਹਿ ਕੇ ਔਰਤ ਦੀ ਹੋਂਦ ਨੂੰ ਜਗਤ ਜਨਨੀ ਦੇ ਆਦਰਸ਼ ਵਜੋਂ ਪ੍ਰਸਤੁਤ ਕਰਦਿਆਂ ਉਸ ਦਾ ਗੌਰਵ ਬਹਾਲ ਕੀਤਾ।

ਗੁਰੂ ਸਾਹਿਬ ਦੁਆਰਾ ਰਚਿਤ ਆਸਾ ਦੀ ਵਾਰ ਵਿਚ ਔਰਤ ਨੈਤਿਕ ਅਤੇ ਸਮਾਜਿਕ ਬੁਲੰਦੀ ਦੇ ਆਦਰਸ਼ ਵਜੋਂ ਰੂਪਮਾਨ ਹੁੰਦੀ ਹੈ ਜਿਸ ਅਨੁਸਾਰ ਸਮਾਜ ਵਿਚ ਸਾਂਝ ਅਤੇ ਪਰਿਵਾਰਕ ਰਿਸ਼ਤੇ ਹੋਂਦ ਵਿਚ ਆਉਂਦੇ ਹਨ। ਗੁਰੂ ਅਮਰਦਾਸ ਨੇ ਪ੍ਰਚਲਿਤ ਔਰਤ ਨਿੰਦਕ ਰਸਮਾਂ ਦਾ ਵਿਰੋਧ ਕੀਤਾ। ਉਪਰੰਤ ਇਸੇ ਪਰੰਪਰਾ ਨੂੰ ਅਗੇ ਤੋਰਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੰਡੀ ਦੀ ਵਾਰ ਦੇ ਅੰਤਰਗਤ ਔਰਤ ਨੂੰ ਸ਼ਕਤੀ ਦੇ ਰੂਪ ਵਿਚ ਸਿਰਜਿਆ। ਸਿੱਖ ਗੁਰੂ ਸਾਹਿਬਾਨ ਨੇ ਔਰਤ ਦਾ ਜੋ ਪ੍ਰਤੀਬਿੰਬ ਸਮਾਜ ਨੂੰ ਦਿੱਤਾ ਉਹ ਭਾਈ ਸਾਹਿਬ ਦੇ ਨਾਵਲਾਂ ਵਿਚ ਇਸਤਰੀ ਪਾਤਰਾਂ ਦੇ ਰੂਪ ਵਿਚ ਮਿਲਦਾ ਹੈ। ਸੁੰਦਰੀ ਨਾਵਲ ਵਿਚ ਮੀਰ ਮੰਨੂ ਦੇ ਜ਼ੁਲਮਾਂ ਅਤੇ ਸਿੰਘਣੀਆਂ ਦੇ ਸਿੱਖੀ ਸਿਦਕ ਬਾਰੇ ਆਪ ਲਿਖਦੇ ਹਨ :

> ਮੀਰ ਮੰਨੂ ਨੇ ਬਹੁਤ ਜਤਨ ਕੀਤੇ ਕਿ ਉਹ ਸਿੰਘਣੀਆਂ ਤੁਰਕਣੀਆਂ ਹੋ ਜਾਣ ਪਰ ਇਕ ਨੇ ਭੀ ਨਾ ਮੰਨਿਆ ਪਹਿਲਾਂ ਉਨ੍ਹਾਂ ਨੂੰ ਭੁੱਖ ਦਾ ਦੁੱਖ ਦਿੱਤਾ, ਫੇਰ ਸਵਾ ਸਵਾ ਮਣ ਦੇ ਦਾਣੇ ਰੋਜ਼ ਪਿਹਾਏ ਤੇ ਭਾਂਤ ਭਾਂਤ ਦੇ ਕਸ਼ਟ ਦਿਵਾਏ ਛੇਕੜ ਉਨ੍ਹਾਂ ਦੇ ਪਿਆਰੇ ਬੱਚੇ ਖੋਹ ਕੇ ਉਹਨਾਂ ਦੇ ਸਾਹਮਣੇ ਨੇਜਿਆਂ ਤੇ ਪ੍ਰੋ-ਪ੍ਰੋ ਕੇ ਮਾਰੇ। ਫਿਰ ਝੋਲੀਆਂ ਵਿਚ ਬੱਚਿਆਂ ਦੀਆਂ ਲੋਥਾਂ ਪੁਆ ਕੇ ਚੱਕੀਆਂ ਪਿਹਾਈਆਂ ਪਰ ਗੁਰੂ ਗੋਬਿੰਦ ਸਿੰਘ ਦੀਆਂ ਪਿਆਰੀਆਂ ਸਿੰਘਣੀਆਂ ਨੇ ਧਰਮ ਨਹੀਂ ਤਿਆਗਿਆ। ਸੁੰਦਰੀ ਦੀ ਬਹਾਦਰੀ ਦਾ ਵਰਨਣ ਕਰਦਿਆਂ ਆਪ ਜੀ ਲਿਖਦੇ ਹਨ:
> ਉਸ ਸ਼ੇਰਨੀ ਨੇ ਕ੍ਰੋਧ ਦੀ ਅੱਗ ਵਿਚ ਭੜਕ ਕੇ ਢਾਡੀ ਫੁਰਤੀ ਨਾਲ ਉਠ ਕੇ ਸਰਦਾਰ ਦੇ ਕਮਰ ਕਸੇ ਦੀ ਤਲਵਾਰ ਜੋ ਅਗੇ ਪਈ ਸੀ ਮਿਆਨ ਵਿਚੋਂ ਖਿਚ ਲਈ ਅਰ ਸੂਤ ਕੇ ਐਉਂ ਖੜੋ ਗਈ ਕਿ ਮਾਨੋ ਦੁਰਗਾ ਦੈਤਾਂ ਦੇ ਸੰਘਾਰ ਲਈ ਆ ਖੜੌਤੀ ਹੋਵੇ।

ਏਥੇ ਇਹ ਸਪਸ਼ਟ ਹੈ ਕਿ ਸੁੰਦਰੀ ਵਰਗੀਆਂ ਦਲੇਰ ਪਾਤਰ ਇਸ ਲਈ ਹਨ ਕਿ ਭਾਈ ਵੀਰ ਸਿੰਘ ਕੋਲ "ਚੰਡੀ ਦੀ ਵਾਰ" ਦਾ ਮਾਡਲ ਹੈ। ਏਸੇ ਕਰਕੇ ਉਹ ਆਪਣੇ ਵਿਰਸੇ ਨੂੰ ਸਾਡੇ ਸਾਹਵੇਂ ਲਿਆ ਸਕੇ ਹਨ। ਸਾਨੂੰ ਵੀ ਲੋੜ ਹੈ ਕਿ ਅਸੀਂ ਆਪਣੇ ਇਸ ਅਮੀਰ ਪਰੰਪਰਿਕ ਵਿਰਸੇ ਪ੍ਰਤੀ ਸੁਚੇਤ ਹੋ ਸਕੀਏ। ਗੁਰੂ ਦਾ ਸੰਦੇਸ਼ ਸ਼ਬਦ ਕੀਰਤਨ ਦੇ ਮਾਧਿਅਮ ਰਾਹੀਂ ਸੰਚਾਰਿਤ ਹੋ ਰਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਬਧ ਹੋਣਾ ਰਾਗ ਦੀ ਪ੍ਰਧਾਨਤਾ ਤੇ ਪ੍ਰਾਥਮਿਕਤਾ ਦਾ ਲਖਾਇਕ ਹੈ। ਰਾਗ ਅਤੇ ਸ਼ਬਦ ਦੇ ਸੰਜੋਗ ਦੀ ਵਿਧੀ ਤੇ ਮੰਤਵ ਨੂੰ ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲਾਂ ਉਜਾਗਰ ਕੀਤਾ।

ਗੁਰਮਤਿ ਸੰਗੀਤ ਦੀ ਪ੍ਰਤੀਬੱਧਤਾ ਨੂੰ ਉਹਨਾਂ ਦੀਆਂ ਕਾਵਿ ਰਚਨਾਵਾਂ ਵਿਚੋਂ ਵੀ ਵੇਖਿਆ ਜਾ ਸਕਦਾ ਹੈ। ਰਾਗੀਆਂ ਨੂੰ ਅਸੀਸ ਦਿੰਦੇ ਆਪ ਲਿਖਦੇ ਹਨ :

**ਜੋੜੀ ਸਿਰੰਦੇ ਵਾਲਿਓ, ਖੁਸ਼ ਗਲੇ ਵਾਲੇ ਸੁਹਣਿਓ।**
**ਅਰਸ਼ੀਆ ਦੇ ਗੀਤ ਗਾ ਗਾ ਦਿਲ ਅਸਾਡੇ ਮੋਹਣਿਓ।**

ਗੁਰਮਤਿ ਸੰਗੀਤ ਦੀ ਇਹ ਰਾਗਾਤਮਕ ਪਰੰਪਰਾ ਜੋ ਅੱਜ ਵੀ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਚੌਂਕੀ ਪਰੰਪਰਾ ਦੇ ਰੂਪ ਵਿਚ ਮੌਜੂਦ ਹੈ। ਸ੍ਰੀ ਹਰਿਮੰਦਰ ਸਾਹਿਬ, ਸਿੱਖ ਪਰੰਪਰਾ, ਸਿੱਖ ਮਰਿਆਦਾ, ਸਿੱਖ ਸੁਹਜ ਦੀ ਰੂਹ ਨੂੰ ਭਾਈ ਵੀਰ ਸਿੰਘ ਨੇ ਹੀ ਪਛਾਣਿਆ ਅਤੇ ਸਿੱਖ ਇਤਿਹਾਸ ਅਤੇ ਸਿੱਖ ਵਿਰਸੇ ਦੀ ਮਹਾਨ ਪਰੰਪਰਾ ਨੂੰ ਸਾਡੇ ਸਨਮੁਖ ਕੀਤਾ। ਜਦੋਂ ਸ਼ਬਦ ਗੁਰੂ ਸਾਡੇ ਸਾਂਹਵੇਂ ਹੈ ਤਾਂ ਉਹ ਵਿਅਕਤੀ ਨਹੀਂ ਹੈ ਪਰ ਇਕ ਜਨ ਸਧਾਰਣ ਸਾਹਮਣੇ ਸਿੱਖੀ ਦਾ ਚਿਤਰਣ, ਹੋਇਆ ਹੈ। ਸਿੱਖ ਨਾਇਕ ਜਾਂ ਨਾਇਕਾ ਦਾ ਚਿਤਰਣ, ਸਿੱਖ ਆਦਰਸ਼ ਦਾ ਚਿਤਰਣ ਜਿਸ ਵਿਚ ਮਾਤਾ ਸਾਹਿਬ ਦੇਵਾਂ ਦੇ ਪਤਾਸਿਆਂ ਦਾ ਸੁਹਜ ਹੈ ਨੂੰ ਭਾਈ ਵੀਰ ਸਿੰਘ ਨੇ ਪ੍ਰਗਟ ਕੀਤਾ। ਸਿੱਖੀ ਦੇ ਇਸ ਸੁਹਜਾਤਮਕ ਪਸਾਰੇ ਦਾ ਮਾਡਲ ਭਾਈ ਵੀਰ ਸਿੰਘ ਤੋਂ ਅਗੇ-ਅੱਗੇ ਵੱਖ-ਵੱਖ ਅਦਾਰਿਆਂ ਤੇ ਸੰਸਥਾਵਾਂ ਰਾਹੀਂ ਸਰੂਪ ਗ੍ਰਹਿਣ ਕਰਦਾ ਵਿਕਸਤ ਹੋਇਆ। ਪਰ ਜੇਕਰ ਅੱਜ ਅਸੀਂ ਵੇਖੀਏ ਤਾਂ ਮੁਆਫ਼ ਕਰਨਾ ਵੱਖ-ਵੱਖ ਸੰਸਥਾਵਾਂ ਕਿੱਤੇ ਵਪਾਰੀਆਂ ਤੇ ਸ਼ਹਿਰੀਆਂ ਦੀ ਜਮਾਤ ਨਾ ਬਣ ਕੇ ਰਹਿ ਜਾਣ। ਕਿਉਂਕਿ ਜਿਹੜੇ ਵਿਰਸੇ ਤੇ ਪਹਿਰਾ ਭਾਈ ਵੀਰ ਸਿੰਘ ਨੇ ਦਿੱਤਾ- ਉਸ ਨੂੰ ਅਗੇ ਲੈ ਕੇ ਜਾਣ ਦੀ ਲੋੜ ਹੈ ਨਹੀਂ ਤਾਂ ਹਰ ਸੰਸਥਾ ਇਕ ਵਿਦਿਅਕ ਜਿਹੀ ਚੇਨ ਬਣ ਕੇ ਰਹਿ ਜਾਵੇਗੀ। ਚੀਫ਼ ਖ਼ਾਲਸਾ ਦੀਵਾਨ ਨੂੰ ਵੀ ਏਸੇ ਹੀ ਖੁਸ਼ਬੂ ਨੂੰ ਅੱਗੇ ਲੈ ਕੇ ਚਲਣਾ ਚਾਹੀਦਾ ਹੈ, ਭਾਵੇਂ ਮੁਸ਼ਕਿਲ ਹੈ ਪਰ ਨਾ ਮੁਮਕਿਨ ਨਹੀਂ। ਮੁਆਫ਼ ਕਰਨਾ ਅੱਜ ਸਾਡੇ ਕੋਲ ਸਿੱਖ ਦੀ ਪਹਿਚਾਣ Louder ਤੇ Loder ਦੇ ਰੂਪ ਵਿਚ ਹੋ ਰਹੀ ਹੈ। ਏਥੇ ਵੀ ਤੇ ਵਿਦੇਸ਼ਾਂ ਵਿਚ ਵੀ। ਕਿਉਂਕਿ ਸਾਡੇ ਗੀਤ, ਉਚੀ ਸ਼ੋਰ ਪਉਣ ਵਾਲੇ ਬਣ ਗਏ ਹਨ। ਜਿਸ ਵਿਚਲਾ ਸੁਹਜ ਗੁੰਮ ਹੋ ਗਿਆ ਹੈ। ਕਿਉਂਕਿ ਅਸੀਂ ਆਪਣੇ ਵਿਰਸੇ ਤੇ ਉਸ ਦੀ ਮੂਲ ਭਾਵਨਾ ਜਾਂ ਕਹਿ ਲਵੋ ਉਸ ਦੀ ਆਤਮਾ ਦੀ ਰੂਹਾਨੀਅਤ ਤੋਂ ਦੂਰ ਹੁੰਦੇ ਜਾ ਰਹੇ ਹਾਂ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਅੱਜ ਤੁਸੀਂ ਮੈਨੂੰ ਬੁਲਾਇਆ ਅਤੇ ਇਸ ਫੁਲਵਾੜੀ ਦਾ ਹਿੱਸਾ ਬਣਾਇਆ। ਮੈਨੂੰ ਯਾਦ ਹੈ ਉਹ ਸਮਾਂ ਜਦੋਂ ਮੈਂ ਬਚਪਨ ਵਿਚ ਆਪਣੇ ਦਾਦਾ ਜੀ ਸ੍ਰ. ਬਲਬੀਰ ਸਿੰਘ ਦੀ ਉਂਗਲ ਫੜ ਭਾਈ ਵੀਰ ਸਿੰਘ ਸਦਨ ਜਾਂਦੀ ਹੁੰਦੀ ਸੀ। ਉਸ ਖੁਸ਼ਬੂ ਨੂੰ ਮੈਂ ਪਹਿਚਾਣਦੀ ਹਾਂ ਉਸ ਖੁਸ਼ਬੂ ਨੂੰ ਮੈਂ ਆਪਣੇ ਪਰਦਾਦੇ, ਦਾਦੇ ਅਤੇ ਆਪਣੇ ਪਿਤਾ ਦੇ ਸਿੱਖੀ ਸਰੂਪ ਵਿਚੋਂ ਉਹਨਾਂ ਦੀ ਰਹਿਣੀ ਬਹਿਣੀ ਵਿਚੋਂ ਵੇਖਿਆ ਹੈ। ਇਸ ਲਈ ਸਾਨੂੰ ਨਾ ਸਿਰਫ਼ ਸੰਸਥਾਵਾਂ ਦੇ ਪੱਧਰ ਤੇ ਬਲਕਿ ਪਰਿਵਾਰਕ ਪੱਧਰ ਤੇ ਜ਼ਰੂਰਤ ਹੈ ਕਿ ਅਸੀਂ ਭਾਈ ਵੀਰ ਸਿੰਘ ਦੇ ਨਕਸ਼ੇ ਕਦਮ ਤੇ ਚਲਦਿਆਂ ਸਿੱਖ ਸੁਹਜ ਨੂੰ ਪੁਨਰ ਸੁਰਜੀਤ ਕਰ ਸਕੀਏ। ਅਜਿਹਾ ਕਰਕੇ ਅਸੀਂ ਭਾਈ ਵੀਰ ਸਿੰਘ ਦਾ ਰਿਣ ਉਤਾਰ ਸਕਦੇ ਹਾਂ। ਅਜਿਹਾ ਕਰਨਾ ਹੀ ਉਹਨਾਂ ਦੇ ਜਨਮਦਿਨ ਨੂੰ ਮਨਾਉਣ ਵਿਚ ਸਾਰਥਿਕ ਭੂਮਿਕਾ ਨਿਭਾਅ ਸਕਦਾ ਹੈ।

# ਭਾਈ ਵੀਰ ਸਿੰਘ ਜੀ ਦਾ 143ਵਾਂ ਜਨਮ ਦਿਨ: ਕੀਤੇ ਪ੍ਰੋਗਰਾਮ ਦੀ ਰਿਪੋਰਟ -

*ਸ੍ਰ. ਅਜੀਤ ਸਿੰਘ**

ਭਾਈ ਵੀਰ ਸਿੰਘ ਜੀ ਦਾ 143ਵਾਂ ਜਨਮ ਦਿਨ 05 ਦਸੰਬਰ, 2014 ਨੂੰ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਵਲੋਂ ਗੁਰੂ ਅਰਜਨ ਦੇਵ ਆਡੀਟੋਰੀਅਮ ਜੀ.ਟੀ.ਰੋਡ, ਅੰਮ੍ਰਿਤਸਰ ਵਿਚ ਮਨਾਇਆ ਗਿਆ। ਇਸ ਪ੍ਰੋਗਰਾਮ ਦਾ ਸਟੇਜ ਸੰਚਾਲਨ ਡਾ:ਜਸਵਿੰਦਰ ਸਿੰਘ ਢਿੱਲੋਂ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਨੇ ਇਸ ਢੰਗ ਨਾਲ ਕੀਤਾ ਕਿ ਉਹਨਾਂ ਦੇ ਮਿਠੜੇ ਬੋਲਾਂ ਵਿਚ ਭਾਈ ਵੀਰ ਸਿੰਘ ਜੀ ਦੀ ਸ਼ਖਸੀਅਤ ਆਪ ਮੁਹਾਰੇ ਚਿਤਰਤ ਹੁੰਦੀ ਸੀ। ਸਭ ਤੋਂ ਪਹਿਲਾਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ: ਚਰਨਜੀਤ ਸਿੰਘ ਚੱਢਾ ਨੂੰ ਮੁੱਖ ਮਹਿਮਾਨ ਸ: ਤਰਲੋਚਨ ਸਿਘ ਜੀ ਸਾਬਕਾ ਚੇਅਰਮੈਨ ਘਟ ਗਿਣਤੀ ਕਮਿਸ਼ਨ ਅਤੇ ਮੈਂਬਰ ਰਾਜ ਸਭਾ, ਵਿਸ਼ੇਸ਼ ਮਹਿਮਾਨ ਡਾ: ਇੰਦਰਜੀਤ ਕੌਰ, ਚੇਅਰਪਰਸਨ, ਪਿੰਗਲਵਾੜਾ ਚੈਰੀਟੇਬਲ ਟਰਸਟ, ਸਿੱਖ ਵਿਦਿਵਾਨ ਪ੍ਰੋ: ਬਲਕਾਰ ਸਿੰਘ ਸਾਬਕਾ ਮੁਖੀ ਗੁਰੂ ਗ੍ਰੰਥ ਸਾਹਿਬ ਅਧਿਅਨ ਵਿਭਾਗ ਅਤੇ ਪ੍ਰੋ: ਅੰਮ੍ਰਿਤਪਾਲ ਕੌਰ ਮੁਖੀ ਪੰਜਾਬੀ ਸਾਹਿਤ ਅਧਿਐਨ ਅਤੇ ਡਾਇਰੈਕਟਰ ਆਨ-ਲਾਈਨ ਗੁਰਮਤਿ ਸੰਗੀਤ ਵਿਭਾਗ-ਦੋਵੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਸਮਾਗਮ ਵਿਚ ਹਾਜ਼ਰ ਸਤਿਕਾਰਿਤ ਮੈਂਬਰ ਸਾਹਿਬਾਨ ਨੂੰ ਰਸਮੀ ਜੀ ਆਇਆ ਆਖਣ ਲਈ ਸੱਦਾ ਦਿਤਾ ਗਿਆ।

ਪ੍ਰਧਾਨ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਭਾਈ ਵੀਰ ਸਿੰਘ ਜੀ ਵਲੋਂ ਚੀਫ਼ ਖ਼ਾਲਸਾ ਦੀਵਾਨ ਨੂੰ ਪ੍ਰਫੁੱਲਤ ਕਰਨ ਅਤੇ ਇਸ ਸੰਸਥਾ ਵਲੋਂ ਵਿਦਿਅਕ ਖੇਤਰ ਵਿਚ ਨਿਭਾਈ ਸੁਚੱਜੀ ਸੇਵਾ ਦਾ ਉਲੇਖ ਕਰਦਿਆਂ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਅਜ ਵੀ ਭਾਈ ਸਾਹਿਬ ਵਲੋਂ ਸਥਾਪਤ ਕੀਤੀਆਂ ਪਰੰਪਰਾਵਾਂ ਅਨੁਸਾਰ ਇਸ ਖੇਤਰ ਵਿਚ ਕਾਰਜਸ਼ੀਲ ਹੈ। ਉਹ ਸਾਡੇ ਲਈ ਅਜਿਹੇ ਪ੍ਰੇਰਨਾ ਸਰੋਤ ਸਨ ਜੋ ਅਜ ਵੀ ਆਪਣੀਆਂ ਰਚਨਾਵਾਂ ਰਾਹੀਂ ਸਾਡਾ ਮਾਰਗ ਦਰਸ਼ਨ ਕਰ ਰਹੇ ਹਨ। ਅਜ ਅਸੀਂ ਉਹਨਾਂ ਦਾ 143ਵਾਂ ਜਨਮ ਦਿਨ ਮਨਾਉਂਦਿਆਂ ਆਪਣੇ ਆਪ ਨੂੰ ਵਡ-ਭਾਗੀ ਸਮਝਦੇ ਹਾਂ। ਇਸ ਅਵਸਰ ਤੇ ਸਾਡੀ ਬੇਨਤੀ ਨੂੰ ਪਰਵਾਨ ਕਰਦਿਆਂ ਉਚੇਚੇ ਤੌਰ ਤੇ ਪੁਜੇ ਮੁੱਖ ਮਹਿਮਾਨ ਸ: ਤਰਲੋਚਨ ਸਿੰਘ ਜੀ, ਵਿਸ਼ੇਸ਼ ਮਹਿਮਾਨ ਡਾ: ਇੰਦਰਜੀਤ ਕੌਰ ਜੀ, ਗੁਰਮਤਿ ਸਾਹਿੱਤ ਦੇ ਪ੍ਰਸਿੱਧ ਵਿਦਵਾਨ ਡਾ: ਬਲਕਾਰ ਸਿੰਘ, ਡਾ: ਅੰਮ੍ਰਿਤਪਾਲ ਕੌਰ ਅਤੇ ਵਿਸ਼ਵ ਪ੍ਰਸਿੱਧੀ ਵਾਲੇ ਸਿੱਖ ਇਤਿਹਾਸਕਾਰ ਡਾ: ਕਿਰਪਾਲ ਸਿੰਘ ਜੀ ਦੇ ਭਤੀਜੇ ਸ: ਗੁਰਸ਼ਰਨ ਸਿੰਘ ਪਧਾਰੇ ਹਨ। ਮੈਂ ਇਹਨਾਂ ਦਾ ਦਿਲ ਦੀਆਂ ਡੂੰਘਾਈਆਂ ਤੋਂ ਸੁਆਗਤ ਕਰਦਿਆਂ ਇਹਨਾਂ ਨੂੰ ਜੀ-ਆਇਆਂ ਆਖਦਾ ਹਾਂ। ਮੈਂ ਵਿਸ਼ੇਸ਼ ਤੌਰ ਤੇ ਰਿਣੀ ਹਾਂ ਡਾ: ਐਸ.ਪੀ. ਸਿੰਘ ਦਾ ਜਿਨ੍ਹਾਂ ਨੇ ਇਸ ਸਾਰੇ ਸਮਾਗਮ ਦੀ ਰੂਪ-ਰੇਖਾ ਤਿਆਰ ਕਰਦਿਆਂ ਸਾਨੂੰ ਇਹਨਾਂ ਸਤਿਕਾਰਤ ਹਸਤੀਆਂ ਦੇ ਦਰਸ਼ਨ ਕਰਨ ਤੇ ਵਿਚਾਰ ਸੁਣਨ ਦਾ ਅਵਸਰ ਪ੍ਰਦਾਨ ਕੀਤਾ ਹੈ। ਮੈਂ ਆਪ ਸਭ ਨੂੰ ਵੀ ਇਸ ਸਮਾਗਮ ਤੇ ਆਉਣ ਲਈ ਜੀ ਆਇਆਂ ਆਖਦਾ ਹਾਂ।

ਸੈਮੀਨਾਰ ਦੇ ਕੋ-ਆਰਡੀਨੇਟਰ ਡਾ: ਐਸ.ਪੀ.ਸਿੰਘ ਸਾਬਕਾ ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਇਸ ਸੈਮੀਨਾਰ ਦੀ ਸਾਰਥਿਕਤਾ ਬਾਰੇ ਜਾਣਕਾਰੀ ਦੇਂਦਿਆਂ ਦਸਿਆ ਕਿ ਆਧੁਨਿਕ ਪੰਜਾਬੀ ਸਾਹਿਤ, ਗੁਰਮਤਿ ਸਿਧਾਂਤਾਂ ਅਤੇ ਗੁਰਮਤਿ ਸਾਹਿਤ ਦੀ ਵਿਆਖਿਆ ਦਾ ਮੁੱਢ ਡਾ: ਭਾਈ ਵੀਰ ਸਿੰਘ ਨੇ ਬੰਨ੍ਹਿਆ ਸੀ ਜਿਸ ਨੂੰ ਅੰਗ-ਸੰਗ ਕਰਕੇ ਹੀ ਪੰਜਾਬੀ ਸਾਹਿਤ ਨੂੰ ਆਧੁਨਿਕ ਸਾਹਿਤਕ ਲੋੜਾਂ ਅਨੁਸਾਰ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਸਾਡੇ ਲਈ ਭਾਈ ਵੀਰ ਸਿੰਘ ਜੀ ਉਸੇ ਤਰ੍ਹਾਂ ਹੀ ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਹਨ ਜਿਵੇਂ ਬੰਗਾਲ ਵਿਚ ਰਾਬਿੰਦਰਨਾਥ ਟੈਗੋਰ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਏ ਪ੍ਰਸਿੱਧ ਸਿੱਖ ਚਿੰਤਕ ਡਾ: ਬਲਕਾਰ ਸਿੰਘ ਨੇ ਭਾਈ ਵੀਰ ਸਿੰਘ ਜੀ ਦੇ ਜੀਵਨ ਤੇ ਰਚਨਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦੇਂਦਿਆਂ ਇਸ ਖੇਤਰ ਵਿਚ ਭਾਈ ਸਾਹਿਬ ਜੀ ਦੀ ਦੇਣ ਨੂੰ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਿਆਂ ਦਸਿਆ ਕਿ ਭਾਈ ਸਾਹਿਬ, ਬੁਨਿਆਦੀ ਤੌਰ ਤੇ ਸਿੱਖੀ ਸਿਧਾਂਤਾਂ ਨਾਲ ਜੁੜੇ ਹੋਏ ਸਨ। ਇਸੇ ਲਈ ਉਹਨਾਂ ਦੇ ਯੋਗਦਾਨ ਦੀ ਪ੍ਰਧਾਨ ਸੁਰ ਗੁਰਮਤਿ ਚਿੰਤਨ ਦੀ ਪਹਿਰੇਦਾਰੀ ਅਤੇ ਸਿੱਖ ਇਤਿਹਾਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੋਸ਼ਨੀ ਵਿਚ ਪੇਸ਼ ਕਰਨਾ ਹੈ। ਬੇਸ਼ਕ ਆਪ ਜੀ ਦੀ ਜੀਵਨ-ਸ਼ੈਲੀ "ਛਿਪੇ ਰਹਿਣ ਦੀ ਚਾਹ" ਵਾਲੀ ਸੀ ਪਰ ਇਹ ਚਾਹਤ ਉਹਨਾਂ ਦੀ ਹਲੀਮੀ-ਨਿਮਰਤਾ ਦਾ ਮੁੱਖ ਪੱਖ ਆਖਿਆ ਜਾ ਸਕਦਾ ਹੈ। ਸਿੱਖ ਸਿਧਾਂਤਾਂ ਨੂੰ ਪੇਸ਼ ਕਰਨ ਲਗਿਆਂ ਉਹ ਨਿਧੜਕ ਹੋ ਕੇ ਆਪਣੀਆਂ ਰਚਨਾਵਾਂ ਵਿਚ ਦਸਦੇ ਹਨ ਕਿ ਸਿੱਖਾਂ ਨੇ ਸਿੱਖੀ ਨੂੰ ਕਿਸ ਤਰ੍ਹਾਂ "ਦੁੱਖ-ਸੁੱਖ ਦੋਨੋ ਸਮ ਕਰ ਜਾਨੈ" ਦੀ ਭਾਵਨਾ ਅਨੁਸਾਰ ਜੀਵਿਆ। ਇਸੇ ਲਈ ਆਪ ਆਪਣੀਆਂ ਰਚਨਾਵਾਂ ਵਿਚ ਪਾਠਕਾਂ ਨੂੰ ਸਿੱਖ ਬਣਨ ਦੀ ਪ੍ਰੇਰਨਾ ਕਰਦੇ ਹਨ ਕਿ ਜੇ ਤੁਹਾਨੂੰ ਸਿੱਖਾਂ ਦਾ ਜੀਵਿਆ ਅਜਿਹਾ ਜੀਵਨ ਚੰਗਾ ਲਗਦਾ ਹੈ ਤਾਂ ਤੁਹਾਨੂੰ ਵੀ ਜ਼ਰੂਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਮਾਲ ਦੀ ਗਲ ਇਹ ਹੈ ਕਿ ਭਾਈ ਸਾਹਿਬ ਸਿੱਖਾਂ ਦੇ ਸਤਿਕਾਰਤ ਤੇ ਚੜ੍ਹਦੀ ਕਲਾ ਵਾਲੇ ਅਤੇ ਹਲੀਮੀ ਅਨੁਸਾਰ ਜੀਵਨ ਜੀਉਣ ਵਾਲੇ ਰੋਲ ਮਾਡਲ ਸਨ ਪਰ ਸਿਆਸੀ ਪਿੜ ਵਿਚ ਜਾਂ ਸਮਾਜਿਕ ਖੇਤਰ ਵਿਚ ਕਿਸੇ ਪਰਕਾਰ ਦੀ ਉੱਚ-ਅਹੁੱਦਿਆਂ ਦੀ ਆਪ ਨੂੰ ਇਛਾ ਨਹੀਂ ਸੀ। ਉਹ ਸਹੀ ਅਰਥਾਂ ਵਿਚ ਸਿੱਖ-ਸੁਰਤ ਅਤੇ ਸਿੱਖ-ਅਮਲ ਦੇ ਗਾਇਕ 'ਸਨ' ਤੇ 'ਹਨ'। ਇਸੇ ਲਈ ਅਜ ਵੀ ਉਹਨਾਂ ਨੂੰ ਸਿੱਖ

* ਅੰਡਰ ਸੈਕਟਰੀ ਐਜੂਕੇਸ਼ਨ ਕਮੇਟੀ

ਸਾਹਿਤ ਦਾ ਰੋਲ ਮਾਡਲ ਆਖਿਆ ਜਾਣਾ ਉਚਿੱਤ ਲਗਦਾ ਹੈ।

ਡਾ: ਅੰਮ੍ਰਿਤਪਾਲ ਕੌਰ ਨੇ ਆਪਣੇ ਭਾਵਪੂਰਤ ਪੇਪਰ ਵਿਚ ਭਾਈ ਵੀਰ ਸਿੰਘ ਜੀ ਨੂੰ ਯੁਗ-ਬੋਧ ਦਾ ਪ੍ਰਤੀਕ ਦਸਦਿਆਂ ਆਖਿਆ ਕਿ ਭਾਈ ਸਾਹਿਬ ਦਾ ਜੀਵਨ ਤੇ ਰਚਨਾਵਾਂ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਸ ਬਾਣੀ-ਸੰਦੇਸ਼ ਨਾਲ ਜੋੜਦੀਆਂ ਹਨ ਜੋ ਸਾਡੇ ਅਮੀਰ-ਵਿਰਸੇ ਦਾ ਕੇਂਦਰੀ ਧੁਰਾ ਤੇ ਸਮੂਹ ਲੋਕਾਈ ਨੂੰ 'ਸਰਬੱਤ ਦੇ ਭਲੇ' ਦਾ ਸੰਦੇਸ਼ ਸਿਰਜਦਾ ਹੈ। ਇਹ ਅਜਿਹਾ ਸੰਦੇਸ਼ ਹੈ ਜੋ ਕੁਲ ਮਾਨਵਤਾ ਨੂੰ ਸੁਹਿਰਦਤਾ, ਪ੍ਰੇਮ, ਸਹਿਚਾਰ ਅਤੇ ਸਚਿਆਰ ਹੋਣ ਦੀ ਪ੍ਰੇਰਨਾ ਕਰਦਾ ਹੈ। ਵਿਸ਼ੇਸ਼ਤਾ ਇਹ ਕਿ ਭਾਈ ਸਾਹਿਬ ਨੇ ਇਹ ਸੰਦੇਸ਼ ਆਧੁਨਿਕ ਸਮੇਂ ਦੀ ਲੋੜ ਦੇ ਸਨਮੁਖ ਵਿਗਿਆਨਕ ਮੁਹਾਵਰੇ ਵਿਚ ਪ੍ਰਸਤੁਤ ਕੀਤੇ ਹਨ। ਆਪ ਜੀ ਨੇ ਇਹ ਵੀ ਸਪਸ਼ਟ ਕੀਤਾ ਕਿ ਬੇਸ਼ਕ ਭਾਈ ਸਾਹਿਬ ਦੀਆਂ ਰਚਨਾਵਾਂ ਸਿੱਖ ਸਿਧਾਂਤਾਂ, ਸਿੱਖ ਇਤਿਹਾਸ, ਸਿੱਖ ਜੀਵਨ ਜਾਚ, ਸਿੱਖ ਸੰਗੀਤ ਆਦਿ ਵਿਸ਼ਿਆਂ ਦੇ ਇਰਦ ਗਿਰਦ ਰਹਿੰਦੀਆਂ ਹਨ ਪਰ ਇਨ੍ਹਾਂ ਵਿਸ਼ਿਆਂ ਦਾ ਵਿਸ਼ੇਸ਼ ਪੱਖ ਇਹ ਹੈ ਕਿ ਮੂਲ ਰੂਪ ਵਿਚ ਇਹ ਸਿੱਖ-ਸੁਹਜ ਉਤੇ ਆਧਾਰਤ ਹਨ ਅਤੇ ਪ੍ਰਚਲਤ ਸਮਾਜਿਕ ਪ੍ਰਕਰਣ ਤੋਂ ਬੇਮੁੱਖ ਨਹੀਂ ਹੁੰਦੀਆਂ ਜੋ ਉਸਾਰੂ ਸਭਿਆਚਾਰਕ ਜੀਵਨ-ਵਿਧੀ ਦਾ ਆਧਾਰ ਹਨ। ਡਾਕਟਰ ਸਾਹਿਬਾ ਨੇ ਭਾਈ ਸਾਹਿਬ ਦੇ ਨਕਸ਼ੇ ਕਦਮ ਤੇ ਚਲਣ ਅਤੇ ਸਿੱਖ ਸੁਹਜ ਨੂੰ ਪੁਨਰ ਸੁਰਜੀਤ ਕਰਨ ਦੀ ਪ੍ਰੇਰਨਾ ਕੀਤੀ।

ਭਾਈ ਵੀਰ ਸਿੰਘ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ ਦਾ ਕਵਿਤਾ ਗਾਇਨ ਮੁਕਾਬਲਾ, ਭਾਈ ਵੀਰ ਸਿੰਘ ਦਾ ਚਿਤਰ ਮੁਕਾਬਲਾ ਅਤੇ ਭਾਸ਼ਨ ਮੁਕਾਬਲੇ ਕਰਵਾਏ ਗਏ ਸਨ। ਕਵਿਤਾ ਗਾਇਨ ਮੁਕਾਬਲੇ ਅਤੇ ਭਾਸ਼ਨ ਮੁਕਾਬਲਿਆਂ ਦੇ ਪਹਿਲੇ ਦੋ ਦੋ ਜੇਤੂਆਂ ਨੂੰ ਸਟੇਜ਼ ਤੇ ਬੁਲਾ ਕੇ ਉਹਨਾਂ ਪਾਸੋਂ ਉਹਨਾਂ ਦੀਆਂ ਕਵਿਤਾ ਅਤੇ ਭਾਸ਼ਣ ਸੁਣੇ ਗਏ ਅਤੇ ਉਹਨਾ ਨੂੰ ਇਨਾਮ ਵੀ ਦਿਤੇ ਗਏ।

ਡਾ: ਭਾਈ ਵੀਰ ਸਿਘ ਜੀ ਦੇ ਜੀਵਨ ਨਾਲ ਜੁੜੇ ਵਿਸ਼ਵ ਪ੍ਰਸਿਧ ਇਤਿਹਾਸਕਾਰ ਡਾ: ਕਿਰਪਾਲ ਸਿੰਘ ਜੀ ਦਾ ਇਸ ਸਮਾਗਮ ਵਿਚ ਵਿਸ਼ੇਸ਼ ਰੂਪ ਵਿਚ ਸਨਮਾਨ ਕਰਨਾ ਸੀ ਜੋ ਅਚਾਨਕ ਤਬੀਅਤ ਖਰਾਬ ਹੋ ਜਾਣ ਕਾਰਨ ਆਪ ਨਹੀਂ ਪਹੁੰਚ ਸਕੇ। ਉਹਨਾਂ ਨੇ ਆਪਣੀਂ ਥਾਂ ਤੇ ਆਪਣੇ ਭਤੀਜੇ ਸ: ਗੁਰਸ਼ਰਨ ਸਿੰਘ ਜੀ ਨੂੰ ਸਨਮਾਨ ਪ੍ਰਾਪਤ ਕਰਨ ਲਈ ਭੇਜਿਆ। ਉਹਨਾਂ ਨੂੰ ਦਿੱਤਾ ਗਿਆ ਸਨਮਾਨ ਪੱਤਰ ਡਾ: ਜਸਬੀਰ ਸਿੰਘ ਸਾਬਰ ਨੇ ਪੜ੍ਹਿਆ ਜੋ ਮਾਨਯੋਗ ਮੁੱਖ ਮਹਿਮਾਨ, ਗੈਸਟ ਆਫ਼ ਆਨਰ, ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਅਤੇ ਸਟੇਜ ਤੇ ਬਿਰਾਜਮਾਨ ਹੋਰ ਸ਼ਖਸੀਅਤਾਂ ਨੇ ਮਿਲ ਕੇ ਪ੍ਰਦਾਨ ਕੀਤਾ ਜਿਸ ਵਿਚ ਸਨਮਾਨ ਪੱਤਰ, ਮੀਮੈਂਟੋ, ਸ਼ਾਲ, ਸਿਰੋਪਾ ਅਤੇ ਨਕਦੀ ਸ਼ਾਮਲ ਸੀ। ਇਸੇ ਤਰ੍ਹਾਂ ਇਹਨਾਂ ਸ਼ਖਸੀਅਤਾਂ ਨੇ ਮੁੱਖ ਬੁਲਾਰਿਆਂ ਡਾ ਬਲਕਾਰ ਸਿੰਘ ਅਤੇ ਡਾ: ਅੰਮ੍ਰਿਤਪਾਲ ਕੌਰ ਨੂੰ ਵੀ ਸਨਮਾਨਿਤ ਕੀਤਾ।

ਸਮਾਗਮ ਦੇ ਗੈਸਟ ਆਫ਼ ਆਨਰ ਡਾ: ਇੰਦਰਜੀਤ ਕੌਰ ਨੇ ਚੀਫ਼ ਖ਼ਾਲਸਾ ਦੀਵਾਨ ਦੇ ਭਾਈ ਵੀਰ ਸਿੰਘ ਜੀ ਦੇ ਪਦ-ਚਿੰਨ੍ਹਾਂ ਤੇ ਚਲਦਿਆਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ।

ਸਮਾਗਮ ਦੇ ਮੁਖ ਮਹਿਮਾਨ ਸ:ਤਰਲੋਚਨ ਸਿੰਘ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਦੀ ਸਾਜਨਾ ਸੰਬੰਧੀ ਬੜੀ ਭਾਵਪੂਰਕ ਜਾਣਕਾਰੀ ਦਿਤੀ। ਉਹਨਾਂ ਦਸਿਆ ਕਿ 29 ਮਾਰਚ, 1849 ਨੂੰ ਗੱਦਾਰ ਡੋਗਰਾ ਰਾਜ ਦਰਬਾਰੀਆਂ ਦੀ ਸਾਜ਼ਸ ਨਾਲ ਖ਼ਾਲਸਾ ਰਾਜ ਦੀ ਸਮਾਪਤੀ ਹੋਈ ਤੇ ਸੁਤੰਤਰ ਖਾਲਸਾ ਰਾਜ ਨੂੰ ਅੰਗ੍ਰੇਜ਼ੀ ਰਾਜ ਦਾ ਇਕ ਹਿਸਾ ਬਣਾ ਦਿਤਾ ਗਿਆ।

ਨਵੇਂ ਪਰਸ਼ਾਸ਼ਨ ਨੇ ਪੰਜਾਬ ਵਿਚ ਬੜੀ ਸਖਤੀ ਨਾਲ ਰਾਜ ਪ੍ਰਬੰਧ ਕਾਇਮ ਕੀਤਾ। ਇਸ ਰਾਜ ਨੇ ਈਸਾਈ ਧਰਮ ਪਰਚਾਰ ਲਈ ਰਾਹ ਖੋਲ੍ਹਣ ਲਈ ਈਸਾਈ ਸਕੂਲਾਂ ਅਤੇ ਹਸਪਤਾਲਾਂ ਦਾ ਨਿਰਮਾਣ ਕੀਤਾ। ਅੰਗ੍ਰੇਜ਼ ਸਰਕਾਰ ਨਾਲ ਜੁੜੇ ਸਥਾਨਕ ਲੋਕਾਂ ਨੇ ਇਸ ਕਾਰਜ ਵਿਚ ਪ੍ਰਸ਼ਾਸਨ ਦੀ ਸਹਾਇਤਾ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਅਤੇ ਪੁਜਾਰੀ ਵੀ ਉਹਨਾਂ ਨਾਲ ਮਿਲ ਕੇ ਸਿੱਖ ਧਰਮ ਵਿਚ ਬ੍ਰਾਹਮਣਵਾਦੀ ਰੁਚੀਆਂ ਤੇ ਰਸਮਾਂ ਦਾ ਪਰਚਾਰ ਕਰਨ ਲਗ ਪਏ। ਸਿੱਖ ਧਰਮ ਨੂੰ ਖੋਰਾ ਲਗਦਾ ਵੇਖ ਅਤੇ ਈਸਾਈ ਧਰਮ ਦੇ ਪਰਚਾਰ ਨਾਲ ਖਾਂਦੇ ਪੀਂਦੇ ਲੋਕਾਂ ਵਲੋਂ ਈਸਾਈ ਧਰਮ ਕਬੂਲ ਕਰਨ ਦੀ ਪਰਵਿਰਤੀ ਨੇ ਅੰਮ੍ਰਿਤਸਰ ਦੇ ਲੋਕਾਂ ਨੂੰ 'ਕੁਝ ਕਰਨ ਲਈ' ਇਕੱਠਾ ਹੋਣ ਤੇ ਮਜ਼ਬੂਰ ਕੀਤਾ।

ਇਸ ਮੰਤਵ-ਪੂਰਤੀ ਲਈ ਸਿਰ ਜੋੜ ਕੇ ਬੈਠੇ ਪਤਵੰਤਿਆਂ ਦੀ ਵਿਚਾਰ-ਚਰਚਾ ਦੇ ਫਲਸਰੂਪ ਪੰਜਾਬੀ ਭਾਸ਼ਾ, ਸਿੱਖ ਧਰਮ, ਸਿੱਖ ਸਭਿਆਚਾਰ, ਇਤਿਹਾਸ ਆਦਿ ਨੂੰ ਬਚਾਉਣ ਲਈ ਤੇ ਸੁਰਜੀਤ ਕਰਨ ਲਈ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ 1873 ਵਿਚ ਹੋਂਦ ਵਿਚ ਆਈ। ਹੋਂਦ ਵਿਚ ਆਈ ਸ੍ਰੀ ਗੁਰੂ ਸਿੰਘ ਸਭਾ ਨੇ ਕੀਰਤਨੀ ਅਤੇ ਢਾਡੀ ਜਥਿਆਂ ਨਾਲ ਪਿੰਡਾਂ ਵਿਚ ਸਿੱਖ ਧਰਮ ਅਤੇ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਉਹਨਾਂ ਪਿੰਡਾਂ ਵਿਚ ਧਰਮਸ਼ਲਾਵਾਂ ਬਣਵਾਈਆਂ ਅਤੇ ਗ੍ਰੰਥੀਆਂ ਰਾਹੀਂ ਉਹਨਾਂ: ਵਿਚ ਪਾਠਸ਼ਾਲਾ ਖੋਲ੍ਹ ਕੇ ਗੁਰਮੁਖੀ ਲਿੱਪੀ ਵਿਚ ਪੰਜਾਬੀ ਦੀ ਪੜ੍ਹਾਈ ਜਾਰੀ ਕੀਤੀ। ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਧ ਵਿਚ ਸਮਾਜਿਕ ਕੁਰੀਤੀਆਂ ਤੋਂ ਬਾਹਰ ਕਢਿਆ। ਇਸ ਤਰਾਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਕੁਝ ਸਾਲਾਂ ਵਿਚ ਹੀ ਕਾਫ਼ੀ ਹਾਂ-ਪਖੀ ਹਿਲਜੁਲ ਹੋਈ।

ਇਹਨਾਂ ਹੀ ਲੀਹਾਂ ਤੇ ਕਾਰਜ ਕਰਨ ਲਈ 1879 ਵਿਚ ਸਿੰਘ ਸਭਾ ਲਾਹੌਰ ਬਣੀ। ਵੰਡੀ ਹੋਈ ਤਾਕਤ ਨੂੰ ਇਕਠਾ ਕਰਨ ਲਈ 1880 ਵਿਚ ਅੰਮ੍ਰਿਤਸਰ ਤੇ ਲਾਹੌਰ ਦੀਆਂ ਸਿੰਘ ਸਭਾਵਾਂ 'ਜਨਰਲ ਸਭਾ' ਨਾਮ ਹੇਠ ਇਕਠੀਆਂ ਹੋ ਗਈਆਂ। 'ਜਨਰਲ

ਸਭਾ' ਦਾ ਦਫ਼ਤਰ ਅੰਮ੍ਰਿਤਸਰ ਵਿਚ ਬਣਾਇਆ ਗਿਆ। ਸਾਰੀਆਂ ਸਿੰਘ ਸਭਾਵਾਂ ਇਸ ਨਾਲ ਰਜਿਸਟਰ ਹੋਣ ਲਗੀਆਂ। 1883 ਵਿਚ ਜਨਰਲ ਸਭਾ ਦਾ ਨਾਮ 'ਖਾਲਸਾ ਦੀਵਾਨ' ਅੰਮ੍ਰਿਤਸਰ ਰਖਿਆ।

1880 ਤੋਂ 1886 ਤਕ ਖਾਲਸਾ ਦੀਵਾਨ ਅੰਮ੍ਰਿਤਸਰ, ਨੇ ਇਕ ਹਸਪਤਾਲ ਅਤੇ ਅੰਮ੍ਰਿਤਸਰ, ਸਿਆਲਕੋਟ ਅਤੇ ਲਾਹੌਰ ਵਿਚ ਕਈ ਸਕੂਲ ਖੋਲ੍ਹੇ। ਇਸ ਦੇ ਸਮਾਜ ਸੁਧਾਰ ਕਾਰਜਾਂ ਦੇ ਕੇਂਦਰ ਪੰਜਾਬ ਵਿਚ ਰਾਵਲਪਿੰਡੀ, ਫੀਰੋਜ਼ਪੁਰ, ਸ਼ਿਮਲਾ, ਜਲੰਧਰ, ਲੁਧਿਆਣਾ, ਕਪੂਰਥਲਾ, ਫਰੀਦਕੋਟ ਬਣੇ।

ਖਾਲਸਾ ਦੀਵਾਨ ਲਾਹੌਰ ਦੇ ਬਹੁਤ ਸਾਰੇ ਸਿਰਕੱਢ ਆਗੂ 1900 ਤਕ ਗੁਰੂ ਚਰਨਾਂ ਵਿਚ ਜਾ ਬਿਰਾਜੇ ਤੇ ਖਾਲਸਾ ਦੀਵਾਨ ਲਾਹੌਰ ਦਾ ਕਾਰਜ ਬੰਦ ਹੋ ਗਿਆ। ਇਹ ਕੰਮ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਸੰਭਾਲਿਆ ਅਤੇ ਇਸ ਦੇ ਨੌਜਵਾਨ ਆਗੂ ਸ: ਸੁੰਦਰ ਸਿਘ ਮਜੀਠੀਆ ਦੀ ਅਗਵਾਈ ਵਿਚ 1902 ਨੂੰ ਵਰਤਮਾਨ ਚੀਫ਼ ਖ਼ਾਲਸਾ ਦੀਵਾਨ ਹੋਂਦ ਵਿਚ ਆਇਆ।

ਮੁੱਖ ਮਹਿਮਾਨ ਜੀ ਨੇ ਦਸਿਆ ਚੀਫ਼ ਖ਼ਾਲਸਾ ਦੀਵਾਨ ਦੀ ਟੀਮ ਵਿਚ ਸ: ਸੁੰਦਰ ਸਿੰਘ ਮਜੀਠੀਆ ਤੋਂ ਇਲਾਵਾ ਸ: ਤਰਲੋਚਨ ਸਿੰਘ, ਸ: ਹਰਬੰਸ ਸਿੰਘ ਅਟਾਰੀ, ਡਾ: ਭਾਈ ਵੀਰ ਸਿੰਘ ਜੀ ਅਤੇ ਭਾਈ ਜੋਧ ਸਿੰਘ ਜੀ ਸਨ। ਇਹਨਾਂ ਦੇ ਕਾਰਜ ਵੱਖ ਵੱਖ ਸਨ ਪਰ ਨਿਸ਼ਾਨਾ ਖਾਲਸਾ ਪੰਥ ਦੀ ਚੜ੍ਹਦੀ ਕਲਾ ਸੀ। ਇਸ ਕਾਰਜ ਵਿਚ ਭਾਈ ਵੀਰ ਸਿੰਘ ਜੀ ਨੇ ਸਾਹਿਤ ਰਚਨਾਂ ਦੇ ਖੇਤਰ ਵਿਚ ਵਡਮੁੱਲਾ ਤੇ ਬਹੁ-ਪੱਖੀ ਕਾਰਜ ਕੀਤਾ ਅਤੇ ਸਿੱਖ ਧਰਮ, ਸਿੱਖ ਸਾਹਿਤ, ਸਿੱਖ ਇਤਿਹਾਸ ਆਦਿ ਦੇ ਖੇਤਰ ਵਿਚ ਗੁਰਮੁੱਖੀ ਲਿੱਪੀ ਰਾਹੀਂ ਪੰਜਾਬੀ ਭਾਸ਼ਾ ਦੀ ਸ਼ਾਨ ਨੂੰ ਚਾਰ ਚੰਦ ਲਾਏ।

ਇਸ ਸਮੇਂ ਭਾਈ ਵੀਰ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਿਤ ਬਹੁਤ ਹੀ ਸੁੰਦਰ ਦਿੱਖ ਵਾਲਾ ਰੰਗਦਾਰ ਕੈਲੰਡਰ ਸਾਲ 2015 ਦਾ ਅਤੇ ਭਾਈ ਵੀਰ ਸਿੰਘ ਜੀ ਦੀਆਂ ਜੀਵਨ ਤੇ ਰਚਨਾਵਾਂ ਨੂੰ ਸਮਰਪਿਤ ਤ੍ਰੈ ਮਾਸਕ ਪੱਤਰ ਨਿਰਗੁਣੀਆਰਾ 2015 ਦਾ ਪਹਿਲਾ ਅੰਕ ਵੀ ਰੀਲੀਜ ਕੀਤਾ ਗਿਆ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ, ਅਹੁੱਦੇਦਾਰਾਂ, ਮੈਂਬਰਾਂ ਅਤੇ ਸਟੇਜ਼ ਤੇ ਬਿਰਾਜਮਾਨ ਹੋਰ ਸ਼ਖਸੀਅਤਾਂ ਨੇ ਰਲ ਕੇ ਗੈਸਟ ਆਫ਼ ਆਨਰ ਡਾ: ਇੰਦਰਜੀਤ ਕੌਰ ਅਤੇ ਮੁਖ ਮਹਿਮਾਨ ਸ: ਤਰਲੋਚਨ ਸਿੰਘ ਨੂੰ ਸਨਮਾਨਿਤ ਕੀਤਾ।

ਅੰਤ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ: ਨਰਿੰਦਰ ਸਿੰਘ ਖੁਰਾਣਾ ਨੇ ਮੁੱਖ ਮਹਿਮਾਨ ਸਹਿਤ ਆਏ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ।

# FORM NO. 4

## STATEMENT ABOUT NIRGUNIARA

Statement about ownership and other particulars about the Nirguniara as required by Rule 8 of the Registration of Newspaper (Central) Rule 1956.

| | | | |
|---|---|---|---|
| 1. | Place of Publication | : | Amritsar |
| 2. | Periodicity | : | Monthly |
| 3. | Name of the Printer and Publisher | : | S. Narinder Singh Khurana |
| | Nationality | : | Indian |
| 4. | Name of the Editor | : | Dr. S. P. Singh |
| | Nationality | : | Indian |
| 5. | Address Honorary Secretary | : | Honorary Secretary,<br>Khalsa Tract Society (Regd.)<br>Chief Khalsa Diwan Campus<br>G.T. Road, Amritsar |

I, Dr. S. P. Singh, hereby declare that the particulars given above are true to the best of my knowledge and belief.

Sd/-
**Dr. S. P. Singh**
Cheif Editor



ਭਾਈ ਵੀਰ ਸਿੰਘ ਜੀ

CHIEF KHALSA DIWAN CHARITABLE SOCIETY ASR.

ESTD. 1902



ਡਾ: ਕਿਰਪਾਲ ਸਿੰਘ ਜੀ

# ਭਾਈ ਵੀਰ ਸਿੰਘ ਵਿਸ਼ੇਸ਼ ਸਨਮਾਨ
# ਡਾ: ਕਿਰਪਾਲ ਸਿੰਘ ਜੀ

ਡਾ: ਕਿਰਪਾਲ ਸਿੰਘ, ਆਧੁਨਿਕ ਤੇ ਮਧਕਾਲੀਨ ਇਤਿਹਾਸ ਦੇ ਵਿਸ਼ਵ ਪੱਧਰ ਦੇ ਸਥਾਪਤ ਇਤਿਹਾਸਕਾਰ ਹੋਣ ਦੇ ਨਾਲ ਨਾਲ ਅਜਿਹੀ ਮਹਾਨ ਸਖਸ਼ੀਅਤ ਹਨ ਜਿੰਨ੍ਹਾਂ ਨੇ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਦੀ ਪ੍ਰੇਰਨਾ ਦੇ ਫਲਸਰੂਪ ਆਪਣਾ ਜੀਵਨ ਸਿੱਖ ਇਤਿਹਾਸ ਖੋਜ ਵਿਭਾਗ ਨੂੰ ਸਮਰਪਤ ਕਰ ਦਿੱਤਾ।

1924 ਵਿਚ ਗੁਜਰਾਂਵਾਲਾ ਦੇ ਇਲਾਕੇ ਵਿਚ ਪੈਦਾ ਹੋਏ ਡਾ: ਕਿਰਪਾਲ ਸਿੰਘ ਨੇ ਇਤਿਹਾਸ-ਖੋਜ ਖੇਤਰ ਵਿਚ ਬਾਬਾ ਆਲਾ ਸਿੰਘ ਬਾਰੇ ਲਿਖੀ ਪੁਸਤਕ ਨਾਲ ਕਦਮ ਰੱਖਿਆ। ਵਿਸ਼ੇਸ਼ਤਾ ਇਹ ਕਿ ਇਸ ਪੁਸਤਕ ਬਾਬਾ ਆਲਾ ਸਿੰਘ ਦੀ ਭੂਮਿਕਾ ਭਾਈ ਵੀਰ ਸਿੰਘ ਜੀ ਨੇ ਲਿਖੀ। ਇਸ ਪੁਸਤਕ ਸਦਕਾ ਹੀ 1950 ਵਿਚ ਆਪ ਜੀ ਦੀ ਪਲੇਠੀ ਮਿਲਣੀ ਅੰਮ੍ਰਿਤਸਰ ਵਿਚ ਅਜਿਹੀ ਹੋਈ ਕਿ ਆਪ ਜੀ ਲਗਾਤਾਰ 7 ਸਾਲ ਉਹਨਾਂ ਤੋ ਅਗਵਾਈ ਲੈਂਦਿਆਂ ਨਿਰੰਤਰ ਇਤਿਹਾਸ ਖੋਜ-ਖੇਤਰ ਵਿਚ ਸਰਗਰਮ ਰਹੇ। ਆਪ ਜੀ ਦੀ ਪ੍ਰਸਿੱਧ ਇਤਿਹਾਸਕ ਰਚਨਾ "Partition of Punjab" ਦੇ ਪ੍ਰੇਰਨਾ ਸ੍ਰੋਤ ਵੀ ਭਾਈ ਵੀਰ ਸਿੰਘ ਜੀ ਸਨ। ਖਾਲਸਾ ਕਾਲਜ ਅੰਮ੍ਰਿਤਸਰ ਰਹਿੰਦਿਆ ਗੋਸਟਾਂ ਮਿਹਰਬਾਨ ਦੇ ਦੋ ਭਾਗ ਦਾ ਸੰਪਾਦਨ ਕਾਰਜ ਆਪ ਜੀ ਦੇ ਸਿਰੜ ਤੇ ਮਿਹਨਤ ਦਾ ਨਤੀਜਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਓਰਲ ਹਿਸਟਰੀ ਡਿਪਾਰਟਮੈਂਟ ਦੀ ਸ਼ੁਰੂਆਤ ਵੀ ਆਪ ਜੀ ਨੇ ਕੀਤੀ ਜਿਸ ਨੇ ਸਿੱਖ ਇਤਿਹਾਸ ਖੋਜ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਆਪ ਜੀ ਦੀਆਂ ਇਤਿਹਾਸ ਖੋਜ ਖੇਤਰ ਵਿਚ ਕੀਤੀਆਂ ਸੇਵਾਵਾਂ ਦੇ ਸਨਮੁਖ ਦੇਸ਼ ਵਿਦੇਸ਼ ਦੀਆਂ ਪ੍ਰਸਿੱਧ ਸੰਸਥਾਵਾਂ ਵਲੋ ਆਪ ਜੀ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਏਥੋ ਤਕ ਕਿ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਵਲੋ ਵੀ ਸਾਲ 2013 ਵਿਚ ਆਪ ਜੀ ਨੂੰ ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਦੇ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ।

ਨੌ ਦਹਾਕਿਆਂ ਤੋ ਵਧੀਕ ਉਮਰ ਦੇ ਹੋ ਚੁੱਕੇ ਡਾ: ਕਿਰਪਾਲ ਸਿੰਘ ਜੀ ਹਾਲੇ ਵੀ ਰੋਜ਼ਾਨਾ 7-8 ਘੰਟੇ ਲਿਖਣ ਤੇ ਪੜਨ ਦੇ ਕਾਰਜ ਕਰਦੇ ਹਨ। ਅੱਜ ਕੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਾਚੀਨ ਗ੍ਰੰਥਾਂ ਦੇ ਸੰਪਾਦਨ ਵਿਭਾਗ ਦੇ ਮੁਖੀ ਵਜੋ ਭਾਈ ਸੰਤੋਖ ਸਿੰਘ ਜੀ ਦੇ ਰਚੇ ਪ੍ਰਸਿੱਧ ਗ੍ਰੰਥ ਸੂਰਜ ਪ੍ਰਕਾਸ਼ ਦਾ ਮੁੜ ਸੰਪਾਦਨ ਕਾਰਜ ਆਪਣੇ ਨਿਵਾਸ ਤੋ ਹੀ ਕਰ ਰਹੇ ਹਨ। ਜਿਸਦੀਆਂ ਬਹੁਤ ਸਾਰੀਆ ਜਿਲਦਾਂ ਪ੍ਰਕਾਸ਼ਿਤ ਹੋ ਚੁੱਕੀਆ ਹਨ।

ਭਾਈ ਵੀਰ ਸਿੰਘ ਜੀ ਨਾਲ 7 ਸਾਲ ਦਾ ਸਮਾਂ ਨਿਕਟਵਰਤੀ ਵਜੋ ਬਿਤਾਉਣ ਵਾਲੇ ਇਸ ਮਹਾਨ ਇਤਿਹਾਸਕਾਰ ਡਾ: ਕਿਰਪਾਲ ਸਿੰਘ ਜੀ ਨੂੰ ਭਾਈ ਵੀਰ ਸਿੰਘ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕਰਦਿਆਂ ਚੀਫ ਖਾਲਸਾ ਦੀਵਾਨ ਮਾਣ ਮਹਿਸੂਸ ਕਰਦਾ ਹੈ।

# ਚੀਫ਼ ਖ਼ਾਲਸਾ ਦੀਵਾਨ ਵਲੋਂ ਭਾਈ ਵੀਰ ਸਿੰਘ ਨੂੰ ਉਜਾਗਰ ਕਰਨ ਦਾ ਉਤਮ ਉਪਰਾਲਾ

*ਡਾ: ਕੁਲਵੰਤ ਸਿੰਘ**

ਕੁਝ ਪ੍ਰਭੁੱਤਾ ਵਾਲੇ ਪੁਰਸ਼ ਆਪਣੇ ਸਮੇਂ ਦੇ ਪ੍ਰਤੀਕ ਹੋ ਨਿਬੜਦੇ ਹਨ ਤੇ ਭਾਈ ਵੀਰ ਸਿੰਘ ਅਜਿਹੇ ਹੀ ਯੁੱਗ-ਪੁਰਸ਼ ਸਨ। ਜੇਕਰ ਮੈਂ ਆਪਣੇ ਅਧਿਐਨ ਨੂੰ ਰਤਾ ਸੌੜਾ ਕਰ ਲਵਾਂ ਤਾਂ ਕਹਿ ਸਕਦਾ ਹਾਂ ਕਿ ਭਾਈ ਵੀਰ ਸਿੰਘ ਸਿੱਖ-ਚੇਤਨਾ ਦੇ ਪ੍ਰਤੀਕ ਸਨ। ਉਹ ਪੂਰਨ ਗੁਰਸਿੱਖ, ਸਾਹਿਤ ਅਤੇ ਸਭਿਆਚਾਰ ਨਾਲ ਸਰੋਕਾਰ ਰੱਖਣ ਵਾਲੀ ਸ਼ਖਸੀਅਤ ਸਨ।

ਭਾਈ ਵੀਰ ਸਿੰਘ ਇਤਿਹਾਸ ਦੇ ਉਸ ਦੌਰ ਵਿਚ ਪੈਦਾ ਹੋਏ ਜਦੋਂ ਸਮੁੱਚੀ ਪੰਜਾਬੀਅਤ ਡਾਵਾਂਡੋਲ ਵਿਚਰ ਰਹੀ ਸੀ। ਸੈਕੂਲਰ ਸਿੱਖ ਰਾਜ ਦਾ ਖਾਤਮਾ ਅਤੇ ਪੰਜਾਬ ਨੂੰ ਬਸਤੀਵਾਦ ਵਿਚ ਸ਼ਾਮਲ ਕਰਨ ਦੁਆਰਾ ਸਮੁੱਚੀ ਪੰਜਾਬੀਅਤ ਵਲੂੰਧਰੀ ਗਈ ਅਤੇ ਨਿਰਾਸ਼ਾਪਨ ਦਾ ਸ਼ਿਕਾਰ ਹੋ ਗਈ।

ਅਜਿਹੇ ਸੰਕਟ ਭਰੇ ਸਮੇਂ ਵਿਚ ਸਿੱਖ ਬੁੱਧੀਜੀਵੀ ਅਤੇ ਕੁਲੀਨ-ਵਰਗ ਦੇ ਕੁਝ ਲੋਕ ਅਗੇ ਆਏ ਅਤੇ ਸੰਗਠਿਤ ਹੋ ਕੇ ਅੰਤਰ-ਗਿਆਤ ਮਨ ਦੁਆਰਾ ਸਿੱਖ ਧਰਮ ਤੇ ਸਿੱਖ ਭਾਈਚਾਰੇ ਦੀ ਪਛਾਣ ਨੂੰ ਕਾਇਮ ਕਰਨ ਵਾਸਤੇ ਵਿਚਾਰ ਕਰਨ ਲਗੇ। ਉਨ੍ਹਾਂ ਮੋਢੀਆਂ ਵਿਚੋਂ ਸਨ ਭਾਈ ਵੀਰ ਸਿੰਘ ਜਿਨ੍ਹਾਂ ਨੇ ਵਿਦਿਆ ਦੇ ਪ੍ਰਚਾਰ ਨੂੰ ਪਹਿਲ ਦੇਣ ਵਾਸਤੇ ਯਤਨਸ਼ੀਲ ਹੋ ਕੇ ਵਿਦਿਅਕ ਅਦਾਰਿਆਂ ਦੀ ਸਥਾਪਨਾ ਤੇ ਜ਼ੋਰ ਦਿਤਾ।

ਤਹਿ ਵਿਚ ਜਾ ਕੇ ਵੇਖੀਏ ਤਾਂ ਭਾਈ ਵੀਰ ਸਿੰਘ ਦੀ ਰੂਹ ਸਮੁੱਚੀ ਮਨੁੱਖਤਾ ਦੇ ਭਲੇ ਨਾਲ ਰਾਬਤਾ ਰਖਦੀ ਹੋਈ ਇਲਾਕਈ ਪੱਧਰ ਤੇ ਪੰਜਾਬ, ਪੰਜਾਬੀਅਤ, ਪੰਜਾਬੀ ਭਾਸ਼ਾ ਅਤੇ ਅਖੀਰ ਆਪਣੀ ਕੌਮ ਦੀ ਸੁਤੰਤਰ ਸੋਚ ਨਾਲ ਵਚਨਬੱਧ ਹੋ ਕੇ ਆਪਣਾ ਯੋਗਦਾਨ ਪਾ ਰਹੀ ਸੀ।

ਏਹੋ ਕਾਰਨ ਸੀ ਕਿ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚਲਦਿਆਂ ਉਨ੍ਹਾਂ ਵਲੋਂ ਆਰੰਭ ਕੀਤੇ ਗਏ ਟ੍ਰੈਕਟ 'ਨਿਰਗੁਣੀਆਰਾ' ਤੇ 'ਖਾਲਸਾ ਐਡਵੋਕੇਟ' ਨੂੰ ਉਨ੍ਹਾਂ ਦੀ ਹਯਾਤੀ ਤੋਂ ਬਾਅਦ ਵੀ ਚੀਫ਼ ਖ਼ਾਲਸਾ ਦੀਵਾਨ ਨੇ ਨਿਰੰਤਰ ਜਾਰੀ ਰਖਦਿਆਂ ਗੁਰਮਤਿ ਸਿਧਾਂਤਾਂ, ਗੁਰ ਇਤਿਹਾਸ, ਸਿੱਖ ਸਭਿਆਚਾਰ, ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਆਪਣੇ ਵਿਦਿਅਕ ਅਦਾਰਿਆਂ ਦੇ ਮਾਧਿਅਮ ਰਾਹੀਂ ਸੁਰਜੀਤ ਰਖਿਆ ਹੈ।

ਇਸ ਸੰਦਰਭ ਵਿਚ ਧਰਵਾਸ ਦੀ ਗਲ ਇਹ ਹੈ ਕਿ ਚੀਫ਼ ਖ਼ਾਲਸਾ ਦੀਵਾਨ ਨੇ ਭਾਈ ਵੀਰ ਸਿੰਘ ਜੀ ਵਲੋਂ ਸਿੱਖ-ਚੇਤਨਾ ਦੀ ਇਸ ਜੋਤਿ ਨੂੰ 'ਅਖੰਡਕਲ ਜੋਤਿ' ਬਣਾਉਦਿਆਂ ਪਿਛਲੇ ਕੁੱਝ ਸਮੇਂ ਤੋਂ ਨਿਰਗੁਣੀਆਰਾ' ਪੱਤਰ ਨੂੰ ਨਵੀਂ ਦਿਲਕਸ਼ ਦਿਖ ਦਿੰਦਿਆਂ ਪਾਠਕਾਂ ਦੀ ਦਿਲਚਸਪੀ ਵਧਾਈ ਹੈ। ਭਾਈ ਸਾਹਿਬ ਜੀ ਦੀਆਂ ਲਿਖਤਾਂ ਤੋਂ ਇਲਾਵਾ ਇਸ ਪੱਤਰ ਵਿਚ ਸ਼ਾਮਲ ਕੀਤੇ ਜਾ ਰਹੇ ਉਚ ਕੋਟੀ ਦੇ ਵਿਦਵਾਨਾਂ ਦੇ ਲੇਖ ਇਸ ਪੱਤਰ ਦੀ ਮੰਤਵ-ਸਿਧੀ ਦੀ ਸਾਰਥਿਤਾ ਵਲ ਉਠਾਇਆ ਕਦਮ ਹੈ ਜਿਸ ਲਈ ਸਮੁੱਚਾ ਸੰਪਾਦਕੀ ਮੰਡਲ ਵਧਾਈ ਦਾ ਪਾਤਰ ਹੈ।

ਹੋਰ ਵੀ ਸੁਖਦਾਈ ਪਹਿਲੂ ਚੀਫ਼ ਖ਼ਾਲਸਾ ਦੀਵਾਨ ਦਾ ਇਹ ਹੈ ਜੋ ਉਸ ਵਲੋਂ ਭਾਈ ਵੀਰ ਸਿੰਘ ਜੀ ਦੇ ਜਨਮ ਦਿਵਸ ਨੂੰ ਵਡੇ ਪੱਧਰ ਤੇ ਮਨਾਉਂਦਿਆਂ ਉੱਚ ਕੋਈ ਦੇ ਵਿਦਵਾਨਾਂ ਨੂੰ ਬੁਲਾਕੇ ਲੈਕਚਰ ਕਰਾਉਣੇ ਅਤੇ ਭਾਈ ਵੀਰ ਸਿੰਘ ਜੀ ਦੇ ਜੀਵਨ ਤੇ ਰਚਨਾਵਾਂ ਸੰਬੰਧੀ ਉਚ-ਪਾਏ ਦਾ ਕਾਰਜ ਕਰਨ ਵਾਲੇ ਵਿਦਵਾਨਾਂ ਨੂੰ ਸਨਮਾਨਿਤ ਕਰਨਾ। 5 ਦਸੰਬਰ, 2013 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਵਾਨ ਵਾਈਸ ਚਾਂਸਲਰ ਡਾ: ਜਸਪਾਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਕੀਤੇ ਗਏ ਸਮਾਗਮ ਵਿਚ ਜਿਥੇ ਡਾ: ਅਮਰਜੀਤ ਸਿੰਘ ਦੂਆ ਅਤੇ ਡਾ: ਪ੍ਰਭਜੋਤ ਕੌਰ ਨੇ ਪੇਪਰ ਪੜੇ ਉਥੇ ਪ੍ਰਸਿੱਧ ਵਿਦਵਾਨ ਡਾ: ਰਤਨ ਸਿਘ ਜੱਗੀ ਨੂੰ 'ਭਾਈ ਵੀਰ ਸਿੰਘ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਏਸੇ ਲੜੀ ਦੀ ਨਿਰੰਤਰਤਾ ਵਿਚ 5 ਦਸੰਬਰ 2014 ਨੂੰ ਸ: ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਅਤੇ ਮੈਂਬਰ ਰਾਜ ਸਭਾ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਪ੍ਰਸਿੱਧ ਸਿੱਖ ਚਿੰਤਕ ਡਾ: ਬਲਕਾਰ ਸਿੰਘ ਅਤੇ ਡਾ: ਅੰਮ੍ਰਿਤਪਾਲ ਕੌਰ ਨੇ ਆਪਣੇ ਪੇਪਰਾਂ ਰਾਹੀਂ ਭਾਈ ਵੀਰ ਸਿੰਘ ਜੀ ਦੀ ਸਿੱਖੀ-ਸੋਚ ਨੂੰ ਪ੍ਰਗਟਾਉਣ ਵਾਲੇ ਸਾਰਗਰਭਤ ਵਿਚਾਰ ਪੇਸ਼ ਕੀਤੇ। ਸ:ਤਰਲੋਚਨ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਅਜੋਕੇ ਸਮੇਂ ਵਿਗੜ ਰਹੇ ਤੇ ਵਿਗਾੜੇ ਜਾ ਰਹੇ ਸਿੱਖੀ ਸਰੂਪ ਅਤੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਅਣਦੇਖੀ ਬਾਰੇ ਜਿਥੇ ਚਿੰਤਾ ਜਾਹਰ ਕੀਤੀ ਉਥੇ ਭਾਈ ਵੀਰ ਸਿੰਘ ਵਲੋਂ ਦਰਸਾਏ ਮਾਰਗ ਤੇ ਚਲਣ ਦੀ ਪ੍ਰੇਰਨਾ ਕੀਤੀ। ਇਸ ਸਾਲ ਵੀ ਪ੍ਰਸਿਧ ਇਤਹਾਸਕਾਰ ਡਾ:ਕਿਰਪਾਲ ਸਿੰਘ ਜੋ ਭਾਈ ਵੀਰ ਸਿੰਘ ਜੀ ਦੇ ਨਿਕਟਵਰਤੀ ਰਹੇ ਹਨ ਨੂੰ 'ਭਾਈ ਵੀਰ ਸਿੰਘ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਇਸ ਸਮੇਂ ਭਾਈ ਵੀਰ ਸਿੰਘ ਦੇ ਚਿਤੱਰ ਵਾਲਾ ਸਾਲ 2015 ਦਾ ਜਾਰੀ ਕੀਤਾ ਕੈਲੰਡਰ ਆਪਣੀ ਖੂਬਸੂਰਤੀ ਕਾਰਨ ਭਾਈ ਵੀਰ ਸਿੰਘ ਦੀ ਲੋਕ ਮਨਾ ਤੇ ਅਮਿਟ ਛਾਪ ਛਡ ਰਿਹਾ ਹੈ। ਕੁੱਲ ਮਿਲਾ ਕੇ ਭਾਈ ਵੀਰ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਇਹ ਸਮਾਰੋਹ ਕਰਨ ਦਾ ਉਪਰਾਲਾ ਚੀਫ਼ ਖ਼ਾਲਸਾ ਦੀਵਾਨ ਦਾ ਸ਼ਾਲਾਘਾ ਯੋਗ ਉਦਮ ਹੈ ਜਿਸ ਲਈ ਉਹ ਵਧਾਈ ਤੇ ਹਕਦਾਰ ਹਨ।

---

* ਰੀਟਾ: ਪ੍ਰੋਫੈਸਰ ਤੇ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ, ਅੰਮ੍ਰਿਤਸਰ

# Sri Guru Harkrishan Middle Public School, Kurali





S. Pritam Singh
Member Incharge



S. Dalip Singh Banga
Member Incharge



Ms. Babita
Principal

Sri Guru Harkrishan Public School, Kurali, is nestled in the heart of the town, was established in the year 2000 with 7-8 students by Chief Khalsa Diwan Amritsar. The school has now reached new heights and has been upgraded from Nursery to class VIII under the stewardship of Member Incharge S. Dalip Singh Ji Banga & S. Pritam Singh Ji President Local Committee Chandigarh.

The Philanthropists, Late Lala Bhagwan Dass and Harnam Dass donated the old Dharmshala on 20.6.93 to Chief Khalsa Diwan Amritsar, constructed during 1913. As the old building was unsafe for any human activity, it was demolished and a new building of five rooms and a toilet block of five rooms and toilets were constructed. Now the school has spacious airy and well ventilated 10 rooms. The multipurpose hall has been constructed for school activities and functions.

The school is a progressive co-educational institution providing global and quality education on public school pattern with English medium of instructions.

Computer Room:- The Computer Room with some computers is infact a Hitech Lab to make the students technology wizards. The computer aided instructions are provided to make teaching more interesting & easy.

Library:- The school has a well stocked library to inculcate the habit of reading among the students with latest periodicals, Journals, magazines, newspapers etc.

Music:- The school has appointed the services of an able music teacher to teach the students about the rudiments of ragas, harmonium & tabla. To satisfy the spiritual needs of the students, they learn to recite Shabad Kirtan.

Transport facility:- The school bus provides the transport facility to the students.

Kindergarten Section:- The pre-primary wing of the school is the liveliest section of the school. A special playground has been constructed for toddlers.

Other Facilities:- There are water coolers with the facility of water purifiers to provide hygienic drinking water to the students. There is provision of inverter as well.

The facilities:- The school is headed by a well qualified and experienced Teacher Incharge with a team of 12 well qualified and experienced teachers who serve the institution with complete dedication and devotion.

Co-Curricular Activities:- For the harmonious development of the students, the various co-curricular activities like music, dance, painting, quiz, shabad-kirtan, cultural activities are regularly organised.

Scholarship:- Sixteen students are awarded merit cum means scholarship of Rs. 50 each per month.

The school is under total involvement and guidance of the management of Sri Guru Harkrishan Sr. Sec Public School, sector 40-C, Chandigarh.

A free homeopathic dispensary is being run successfully by Chief Khalsa Diwan Amritsar from the school premises. Fifty to Sixty patients visit the dispensary everyday to avail the services of the well qualified doctor. By the grace of God may the school and dispensary achieve new heights.